
# ਗੁੱਝੀਆਂ ਰਮਜ਼ਾਂ



## ਮਿਲਾਪ ਬਿਹਬਲਤਾ

ਸਿੱਕਾਂ ਸਿਕਦੀ ਸਿਕਦੀ ਮਰ ਗਈ,
ਸਾਲ ਹੋਇਆ ਮਸਾਂ ਪੂਰਾ, ਹਾਏ ਪੂਰਾ।

ਮਾਸ ਪਿੰਜ ਦਾ ਸੁੱਕ ਗਿਆ ਸਾਰਾ,
ਹੱਡੀਆਂ ਹੋਇ ਗਈਆਂ ਚੂਰਾ, ਹਾਏ ਚੂਰਾ।

ਤਾਂਘ ਤੇਰੀ ਵਿਚ ਬਿਹਬਲ ਰਹਿ ਕੇ,
ਮਰਦੀ ਰਹਾਂ ਵਿਚ ਹਾਵੇ।

ਸੰਤੋਖ, ਬਿਟ ਬਿਟ ਵੇਖਣ ਆਤੁਰ ਅੱਖਾਂ,
ਛੇਤੀ ਦੇਵੀਂ ਦਰਸ ਵੇ ਨੂਰਾ।

**ਸ੍ਵ. ਸੰਤ ਸੰਤੋਖ ਸਿੰਘ**

# ੴ ਅੰਮ੍ਰਿਤ ਕੀਰਤਨ

**ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ**

ਅੰਕ 9 • ਸਾਲ ਇੱਕੀਵਾਂ • ਸਤੰਬਰ 2009

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**



▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80G of Income-Tax Act, 1961 (43 of 1961) vide CIT - I / CHD / TECH / 80G / 2008 - 939 dated 19/05/2008 valid upto 31.03.2012



**ਚੰਦੇ ਦਾ ਵੇਰਵਾ**

▲ **ਦੇਸ਼:** ਇਕ ਕਾਪੀ 15 ਰੁ., ਸਲਾਨਾ 150 ਰੁ.
ਜੀਵਨ ਮੈਂਬਰ 1500 ਰੁ.

▲ **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ 300 $

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ
'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



**ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
**ਫੋਨ** : 0172-2772660, 098140 53630
e-mail: drjagirsingh@gmail.com
Website: www.gurshabad.com



Computer Type Setting
sohal specials Phone: 98788 23351
www.sohalspecials.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
**ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼**
ਐਸ.ਸੀ.ਐਫ. 112, ਫੇਜ਼-7, ਮੁਹਾਲੀ ਤੋਂ ਛਪਵਾ ਕੇ
422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ


## ਇਸ ਅੰਕ ਵਿਚ


ਮਿਤ੍ਰ ਅਸਾਡੜੇ ਸੇਈ 4
*ਪਾਠਕਾਂ ਦੇ ਪੱਤਰ*

ਕਰਉ ਬੇਨੰਤੀਆ 5
*ਸੰਪਾਦਕੀ*

ਕੀਰਤਨ ਅਤੇ ਸੁਰ ਸੰਗੀਤ 6
*ਕਰਮ ਸਿੰਘ ਰਤਨ*

ਪੰਜਾਬ ਵਿਚ ਸ਼ਾਸਤਰੀ ਸੰਗੀਤ ਦੇ ਪਾਸਾਰ ਵਿਚ ਪੰਡਿਤ ਕੁੰਜ ਲਾਲ ਜੀ ਦਾ ਯੋਗਦਾਨ 13
*ਸ੍ਰੀਮਤੀ ਰਮਨਦੀਪ ਕੌਰ*

'ਜਯ ਹੋ' ਵਾਲਾ ਸੰਗੀਤਕਾਰ ਏ.ਆਰ.ਰਹਿਮਾਨ 15
*ਡਾ. ਨਿਵੇਦਿਤਾ ਸਿੰਘ*

ਤੂੰਬੀ ਸਾਜ਼ ਦੀ ਵਾਦਨ ਵਿਧੀ 17

ਰਾਗੀ ਜਥਾ: ਭਾਈ ਗੁਰਮੁੱਖ ਸਿੰਘ-ਭਾਈ ਸੁਰਮੁਖ ਸਿੰਘ 19
*ਡਾ. ਜਾਗੀਰ ਸਿੰਘ*

ਪੁਸਤਕ ਪੜਚੋਲ 21
*ਜਸਬੀਰ ਕੌਰ*

Book Review 23
*Dr. Kanwanjit Singh*

ਸੁਰ ਲਿਪੀ 25
*ਮਾਸਟਰ ਨਿਹਾਲ ਸਿੰਘ*

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ 26

# ਮਿਤ੍ਰ ਅਸਾਡੜੇ ਸੇਈ

ਅਗਸਤ, 2009 ਅੰਕ 'ਚ ਸ. ਰਾਮ ਸਿੰਘ ਨਡਿਆਲੀ ਦਾ ਲੇਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੀਦਾਰ ਤਾਰੀਫ਼ ਯੋਗ ਹੈ। 'ਅੰਮ੍ਰਿਤ ਕੀਰਤਨ' ਇੱਕੀ ਵਰ੍ਹਿਆਂ ਦਾ ਨਿਰੰਤਰ ਪੈਂਡਾ ਤਹਿ ਕਰ ਚੁੱਕਿਆ ਹੈ। ਗੁਰਬਾਣੀ, ਰਾਗ, ਸੰਗੀਤ ਅਤੇ ਕਥਾ-ਕੀਰਤਨੀਏ, ਰਾਗੀ ਢਾਡੀ ਅਤੇ ਵਿਦਵਾਨਾਂ ਬਾਰੇ ਜੋ ਅਨੂਠੀ ਸੇਵਾ ਆਪ ਜੀ ਨੇ ਕੀਤੀ ਹੈ, ਉਹ ਗੌਰਵਮਈ ਹੈ। ਪੰਜਾਬ-ਭਾਸ਼ਾ ਵਿਚ ਏਨੀ ਸਮੱਗਰੀ ਸਾਂਭਣਯੋਗ ਹੈ। ਤੁਹਾਡੀ ਮਿਹਨਤ, ਲਗਨ ਅਤੇ ਸਿਰੜ ਬਹੁਤ ਹੀ ਵਡਿਆਈ ਯੋਗ ਹੈ। ਪ੍ਰਭ ਜੀ, ਹੋਰ ਮਿਹਰਾਂ ਕਰੇ।

*ਮਨਮੋਹਨ ਸਿੰਘ ਦਾਊਂ*

*280, ਫੇਜ਼ 6, ਐਸ.ਏ.ਐਸ. ਨਗਰ, ਮੋਹਾਲੀ*

Dear Prof. (Dr.) Bhai Jagir Singh Jeo,

Sat Sri Akal.

Hope you, alongwith members of your family, will be in high spirits.

For quite sometime, I have been overseas. For the last few months, I have been in London with my daughter and her family. Manjeet is also with me. We are all fine. Being away from Auckland, I could not read Amrit Kirtan that you are sending regularly at my New Zealand address. I was not aware that it could be read through internet facility. A couple of days back, I was browsing websites about Sikhism that Amrit Kirtan can now be read at www.shabad.com. So I was able to read a few back issues of the Amrit Kirtan that enabled me know that you are currently Professor at Punjabi University and Matajee has passes away. Happy and sad news at the same time. You being an enlightened Gursikh better understand the meaning of 'Dukh' & 'Sukh'. We are all human beings living at different levels of human and spiritual development and feel, act and react according to our understanding of the happening of events around us.

I must congratulate you on your worldly and spiritual attainments. But at the same time, I feel sad about passing away of respected Matajee - an affectinate mother, a blessed person, with worthy sons, all dedicated to fine human and spiritual values. I believe the soul of such a person is always in rest in state of bliss.

May you be blessed with more energy to continue to do the good work you are already doing.

With best wishes

Vijaipal, Gurwant Singh

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ, ਨਵੀਂ ਦਿੱਲੀ 110 060 ਫੋਨ : 25862955

**ATTITUDE**

ਅੱਜ ਕਲ੍ਹ ਇੱਕ ਪੁਸਤਕ ਪੜ੍ਹ ਰਿਹਾ ਹਾਂ ATTITUDE IS EVERYTHING.

ਇਸ ਪੁਸਤਕ ਅਨੁਸਾਰ ਜੇ ਤੁਸੀਂ ਆਪਣਾ ਨ ਰੀਆ ਭਾਵ ਦ੍ਰਿ ਟੀਕੋਣ ਸਕਾਰਾਤਮਕ ਰੱਖਦੇ ਹੋ ਤਾਂ ਤੁਸੀਂ ਿ ਦਗੀ ਵਿੱਚ ਸਫਲਤਾ ਪ੍ਰਾਪਤ ਕਰ ਲੈਂਦੇ ਪੁਸਤਕ ਅਨੁਸਾਰ ਤੁਹਾਡੀ ਖੁ ੀ ਗਮੀ ਸਾਰਾ ਕੁਝ ਹੀ ਇਸੇ ਗੱਲ ਤੇ ਨਿਰਭਰ ਕਰਦਾ ਹੈ। ਸਾਰੀ ਪੁਸਤਕ ਹੀ ਪੜ੍ਹਨਯੋਗ ਹੈ। ਇਸ ਵਿੱਚ ਲੇਖਕ ਇੱਕ ਹੋਰ ਲੇਖਕ ਦਾ ਹਵਾਲਾ ਦਿੰਦਿਆਂ ਇਸ ਦੀ ਮਹੱਤਤਾ ਨੂੰ ਦ੍ਰਿੜ ਕਰਾਉਂਦਾ ਹੈ–

"The longer I live, the more I realize the impact of attitude on life. Attitude, to me, is more important than facts. It is more important than the past, than education, than money, than circumstances, than failures, than successes, than what other people think or say or do. It is more important than appearance, giftedness or skill. It will make or break a company ..........a church........... a home.

"The remarkable thing is we have a choice every day regarding the attitude we will embrace for that day. We cannot change our past...... we cannot change the fact that people will act in a certain way. We cannot change the inevitable. The only thing we can do is play on the one string we have, and that is our attitude.

"I am convinced that life is 10 percent what happens to me and 90 percent how I react to it. And so it is with you..... we are in charge of our Attitudes" ਆਪ ਦਾ ਨ ਰੀਆ ਕੈਸਾ ਹੈ। ਅੰਦਰ ਝਾਤ ਮਾਰੀਏ ।



# ਕੀਰਤਨ ਅਤੇ ਸੁਰ ਸੰਗੀਤ

ਕਰਮ ਸਿੰਘ ਰਤਨ

ਕੀਰਤਨ ਤਾਂ ਦੁਨੀਆਂ ਵਿਚ ਬਹੁਤ ਲੋਕ ਕਰਦੇ ਹਨ ਪਰ ਕੀਰਤਨ ਕੀ ਹੁੰਦਾ ਹੈ ਤੇ ਕੀਰਤਨ ਕਿਵੇਂ ਕਰਨਾ ਚਾਹੀਦਾ ਹੈ, ਕੀਰਤਨ ਦੀ ਮਹੱਤਤ ' ਕੀ ਹੈ, ਕੀਰਤਨ ਦਾ ਅਸਰ ਕੀ ਹੈ, ਇਹ ਸਭ ਗੱਲਾਂ ਬਹੁਤ ਘੱਟ ਲੋਕ ਜਾਣਦੇ ਹਨ।

ਸੰਗੀਤ ਆਚਾਰੀਆ ਸ੍ਰੀ ਬੈਜੂ ਬਾਵਰਾ ਜੀ ਨੇ 'ਨਾਦ ਵਿਨੋਦ' ਸੰਗੀਤ ਗ੍ਰੰਥ ਵਿਚ ਇਕ ਪੰਕਤੀ ਲਿਖੀ ਹੈ (ਪ੍ਰਿਥਮੇ ਆਦਿ ਨਾਦਿ ਸੂਰ ਸ਼ਕਤੀ ਪ੍ਰਮੇਸ਼ਵਰਹ) ਅਰਥਾਤ ਸੂਰ ਹੀ ਪ੍ਰਮੇਸ਼ਰ ਹੈ, ਜਿਸ ਤਰ੍ਹਾਂ ਪ੍ਰਮਾਤਮਾ ਦੇ ਦੋ ਰੂਪ ਮੰਨੇ ਜਾਂਦੇ ਹਨ, ਨਿਰਗੁਣ ਅਤੇ ਸਰਗੁਣ। ਨਿਰਗੁਣ ਕਹਿੰਦੇ ਹਨ ਕਿ ਅਸੀਂ ਸੁਣਿਆ ਹੋਇਆ ਹੈ ਕਿ ਪ੍ਰਮੇਸ਼ਵਰ ਹੈ ਪਰ ਪ੍ਰਤੱਖ ਨਹੀਂ ਵੇਖਿਆ। ਪਰ ਪਤਾ ਹੈ ਕਿ ਪ੍ਰਮੇਸ਼ਵਰ ਹੈ। ਪਰ ਅੱਖਾਂ ਨਾਲ ਨਹੀਂ ਦੇਖਿਆ। ਤੇ ਸਰਗੁਣ ਰੂਪ ਹੈ ਕਿ ਸਾਹਮਣੇ ਪ੍ਰਤੱਖ ਪ੍ਰਮਾਤਮਾ ਦੇ ਦਰਸ਼ਨ ਹੋ ਜਾਣ, ਅੱਖਾਂ ਨਾਲ ਦਰਸ਼ਨ ਹੋ ਜਾਣ ਤੇ ਕੰਨਾਂ ਨਾਲ ਸੁਣ ਲੈਣਾ, ਹੱਥਾਂ ਨਾਲ ਸਪਰਸ਼ ਕਰ ਲੈਣਾ, ਇਸ ਨੂੰ ਸਰਗੁਣ ਸਰੂਪ ਕਹਿੰਦੇ ਹਨ। ਉਸ ਪ੍ਰਮਾਤਮਾ ਦਾ ਸਰਗੁਣ ਸਰੂਪ ਇਤਨਾ ਸੁੰਦਰ ਅਤੇ ਮਿੱਠਾ ਹੈ ਕਿ ਜਿਸ ਨੂੰ ਵੀ ਉਸ ਦੇ ਦਰਸ਼ਨ ਹੋ ਜਾਂਦੇ ਹਨ, ਉਹੀ ਉਸ 'ਤੇ ਮੋਹਿਤ ਹੋ ਜਾਂਦਾ ਹੈ। ਜਦੋਂ ਉਸ ਦੀ ਸੂਰ ਰੂਪੀ ਅਵਾਜ਼ ਕਾਇਨਾਤ ਵਿਚ ਗੂੰਜਦੀ ਹੈ ਤਾਂ ਸਾਰੀ ਕਾਇਨਾਤ ਸਰਸ਼ਾਰ ਹੋ ਜਾਂਦੀ ਹੈ। ਕਾਇਨਾਤ ਝੂਮ ਉਠਦੀ ਹੈ। ਹਰ ਜੀਵ ਜੰਤੂ, ਪਸ਼ੂ ਪੰਛੀ, ਜੜ੍ਹ ਦੇ ਚੇਤਨ, ਸਾਰੀ ਬਨਸਪਤੀ ਪ੍ਰਭੂ ਦੇ ਰੰਗ ਵਿਚ ਰੰਗੀ ਜਾਂਦੀ ਹੈ। ਉਹਦੇ ਅਸਰ ਨਾਲ ਸਾਰੀ ਧਰਤੀ ਮੌਲ ਜਾਂਦੀ ਹੈ (ਮੌਲੀ ਧਰਤੀ, ਮੌਲਿਆ ਆਕਾਸੁ, ਘਟ ਘਟ ਮੌਲਿਆ ਆਤਮ ਪ੍ਰਕਾਸੁ) ਬਸੰਤ ਕਬੀਰ ਜੀ (1193) ਬਨਸਪਤੀ ਵਿਚ ਤਰ੍ਹਾਂ ਤਰ੍ਹਾਂ ਦੀਆਂ ਖੁਸ਼ਬੋਆਂ ਵਾਲੇ ਫੁੱਲ ਪੈਦਾ ਹੋ ਜਾਂਦੇ ਹਨ ਅਤੇ ਫਲ ਪੈਦਾ ਹੋ ਜਾਂਦੇ ਹਨ। ਪਸ਼ੂ, ਪੰਛੀ ਆਪਸ ਵਿਚ ਪਿਆਰ ਕਰਨ ਲੱਗ ਪੈਂਦੇ ਹਨ।

ਨਾਦ ਵਿਨੋਦ ਗ੍ਰੰਥ ਵਿਚ ਇਕ ਕਬਿੱਤ ਬ੍ਰਹਮਾ ਜੀ ਦਾ ਉਚਾਰਨ ਕੀਤਾ ਹੋਇਆ ਹੈ, ਜਿਸ ਵਿਚ ਸੂਰ ਨਾਦ ਦੀ ਉਸਤਤਿ ਕੀਤੀ ਹੋਈ ਹੈ। ਕਬਿਤ-ਆਦਿ ਓਅੰਕਾਰ ਰੂਪ ਨਾਦਅਹਿਲਾਦ ਕਰ, ਵਿਧ ਵਿਧ ਗਾਇਓ ਵਿਧ ਵੇਦਨ ਵਿਧਾਨ ਮੇਂ। ਭੀਨੀ ਭੀਨੀ ਬੀਨ ਮੇਂ ਪ੍ਰਵੀਨ ਰਿਗ ਨਾਰਦ ਮੇਂ, ਗਾਇਓ ਰਸ ਲੀਨ, ਜੋ ਨ ਵੀਨ ਗੁਣ ਗਿਆਨ ਮੇਂ।, ਕਹੇ ਰਵਿਰਾਜ ਸਿੱਧ, ਨਾਗ, ਨਰ , ਕਿਨਰੀਓਂ ਰਾਗ ਬਰਸ ਰਸਿਕ ਚਤੁਰ ਸ਼ੁਭ ਤਾਨ ਮੇਂ। ਸੋ ਹੈਂ ਵਡਭਾਗੀ ਵੇ ਰਾਗ ਕੇ ਸਹਾਗੀ, ਜੋ ਨਰ ਰਾਗ ਸੇ ਨਾ ਰਾਜੀ ਸੋ ਅਭਾਗੀ ਹੈਂ ਜਹਾਨ ਮੇਂ।

ਸੰਗੀਤ ਸੁਰ ਦਾ ਅਸਰ ਹਰ ਇਕ ਜੀਅ-ਜੰਤ 'ਤੇ ਪੈਂਦਾ ਹੈ। ਹੁਣ ਤਾਂ ਕਈ ਸਾਇੰਸਦਾਨਾਂ ਨੇ ਇਸ ਚੀਜ਼ ਦੀ ਰਿਸਰਚ ਕੀਤੀ ਹੈ ਕਿ ਸੰਗੀਤ ਦਾ ਅਸਰ ਬਨਸਪਤੀ ਅਤੇ ਵੇਲ ਬੂਟਿਆਂ 'ਤੇ ਵੀ ਹੁੰਦਾ ਹੈ, ਜੜ੍ਹ ਅਤੇ ਚੇਤਨ ਸਭ ਤੇ ਹੁੰਦਾ ਹੈ। ਕਿਉਂਕਿ ਇਹ ਪ੍ਰਤੱਖ ਪ੍ਰਮੇਸ਼ਵਰ ਹੈ ਅਤੇ ਜਿਤਨੇ ਵੀ ਰਾਗ ਹਨ, ਇਹ ਸਾਰੇ ਪ੍ਰਮੇਸ਼ਵਰ ਦੇ ਅਵਤਾਰ ਹਨ ਤੇ ਉਨ੍ਹਾਂ ਸਭ ਰਾਗਾਂ ਦੀ ਆਵਾਜ਼ ਦਾ ਅਸਰ ਹਰ ਇਕ ਜੜ੍ਹ ਅਤੇ ਚੇਤਨ 'ਤੇ ਪੈਂਦਾ ਹੈ, ਜਿਸ ਤਰ੍ਹਾਂ ਛੇ ਰਾਗ ਪ੍ਰਮੁੱਖ ਹਨ ਜੋ ਗੁਰੂ ਗ੍ਰੰਥ ਸਾਹਿਬ ਦੀ ਰਾਗ ਮਾਲਾ ਵਿਚ ਲਿਖੇ ਹਨ। ਇਹ ਰਾਗ ਹਨ : ਭੈਰਵ, ਮਾਲਕੌਂਸ, ਹਿੰਡੋਲ, ਦੀਪਕ, ਸਿਰੀਰਾਗ, ਮੇਘ। ਇਹ ਛੇ ਰਾਗ ਕੋਈ ਸ਼ੁਧ ਤਰੀਕੇ ਨਾਲ ਗਾਏ ਤੇ ਇਨਾਂ ਦਾ ਕੀ ਅਸਰ ਹੁੰਦਾ ਹੈ, ਕੁਝ ਗੁਣੀਜਨਾਂ ਨੇ ਇਨ੍ਹਾਂ ਦੇ ਪ੍ਰਭਾਵ ਲਿਖੇ ਹਨ।

ਭੈਰਵ ਬਾਰੇ ਲਿਖਿਆ ਹੈ- ਦੋਹਰਾ - ਧਾ ਰੇ ਵਾਦ ਸੰਵਾਦ ਕਰ, ਰੇ ਧਾ ਕੋਮਲ ਲਾਇ। ਪ੍ਰਾਤ ਸਮੇਂ ਤੇ ਗਾਈਏ ਕੋਹਲੂ ਚਲੈ ਆਏ। ਅਰਥਾਤ ਭੈਰਵ ਰਾਗ ਗਾਉਣ ਨਾਲ ਕੋਹਲੂ ਆਪਣੇ ਆਪ ਚੱਲਣ ਲੱਗ ਪੈਂਦੇ ਹਨ।

ਦੂਜਾ ਰਾਗ ਹੈ ਮਾਲਕੌਂਸ। ਇਸ ਦੇ ਸਬੰਧ ਵਿਚ ਸੰਗੀਤਕਾਰ ਲਿਖਦੇ ਹਨ :

ਦੋਹਰਾ – ਭੈਰਵੀ ਠਾਠ ਕੀ ਸੁਰੋਂ ਮੇਂ ਆੜਵ ਜਾਤੀ ਸੇ ਗਾਇ। ਮਾਲਕੌਂਸ ਜਬ ਬਨੇ ਰਾਗ ਤਬ ਪਾਥਰ ਵੀ ਪਿਘਲਾਇ। ਅਰਥਾਤ ਮਾਲਕੌਂਸ ਰਾਗ ਸੁਣ ਕੇ ਪੱਥਰ ਵੀ ਪਿਘਲ ਜਾਂਦਾ ਹੈ।

ਤੀਜਾ ਰਾਗ ਹੈ ਹਿੰਡੋਲ – ਇਸ ਬਾਰੇ ਗੁਣੀ ਲੋਕ ਲਿਖਦੇ ਹਨ :

ਦੋਹਰਾ – ਧਾ ਗਾ ਵਾਦ ਸੰਵਾਦ ਕਰ ਜਾਤੀ ਆੜਵ ਮਾਨ। ਜਬ ਆਏ ਆਵਾਜ਼ ਹਿੰਡੋਲ ਕੀ, ਝੂਲਾ ਚੱਲੇ ਆਣ। ਅਰਥਾਤ ਰਾਗ ਹਿੰਡੋਲ ਸੁਣ ਕੇ ਝੂਲੇ ਆਪਣੇ ਆਪ ਹੀ ਚੱਲਣ ਲੱਗ ਪੈਂਦੇ ਹਨ।

ਚੌਥਾ ਰਾਗ ਹੈ ਦੀਪਕ। ਜਿਸ ਲਈ ਸੰਗੀਤ ਕਾਰ ਲਿਖਦੇ ਹਨ :

ਦੋਹਰਾ – ਅੱਗ ਤੇ ਚਾਨਣ ਜੱਗ ਨੂੰ ਦਿੱਤਾ, ਪ੍ਰਭੂ ਹੋ ਕੇ ਸੂਰਜ ਦੇਵ। ਦੀਪਕ ਗਾਇਕੇ ਦੀਵੇ ਜਲਤੇ, ਇਹ ਦੀਪਕ ਦੀ ਸੇਵ। ਅਰਥਾਤ ਸ਼ਾਮ ਦੇ ਸਮੇਂ ਦੀਵਿਆਂ ਵਿਚ ਤੇਲ ਪਾ ਕੇ ਅਤੇ ਬੱਤੀਆਂ ਪਾ ਕੇ ਰੱਖ ਦਿਓ ਤੇ ਗਾਉਣ ਵਾਲਾ ਸਹੀ ਤਰੀਕੇ ਨਾਲ ਦੀਪਕ ਰਾਗ ਗਾਵੇ ਤਾਂ ਦੀਵੇ ਆਪਣੇ ਆਪ ਜਗ ਪੈਂਦੇ ਹਨ।

ਪੰਜਵਾਂ ਰਾਗ ਹੈ ਸਿਰੀ । ਸਿਰੀ ਰਾਗ ਦੇ ਸਬੰਧ ਵਿਚ ਸੰਗੀਤਕਾਰ ਲਿਖਦੇ ਹਨ :

ਦੋਹਰਾ – ਵਿਸ਼ਨੂੰ ਜੀ ਦਾ ਰੂਪ ਹੈ ਜੋ ਬਣਿਆ ਹੈ ਸਿਰੀਰਾਗ। ਸਿਰੀਰਾਗ ਕੇ ਗਾਇਨ ਸੇ, ਹਰੇ ਹੋ ਜਾਇ ਸੂਖੇ ਬਾਗ। ਅਰਥਾਤ ਸਿਰੀ ਰਾਗ ਸੁਣ ਕੇ ਸੁੱਕੇ ਬਾਗ ਹਰੇ ਹੋ ਜਾਂਦੇ ਹਨ ਅਤੇ ਬਾਂਝ ਇਸਤਰੀ 40 ਦਿਨ ਸਿਰੀ ਰਾਗ ਸੁਣੇ ਤਾਂ ਉਸ ਦੀ ਕੁੱਖ ਹਰੀ ਹੋ ਜਾਂਦੀ ਹੈ।

ਛੇਵਾਂ ਰਾਗ ਹੈ ਮੇਘ । ਜਿਸ ਬਾਰੇ ਸੰਗੀਤਕਾਰ ਲਿਖਦੇ ਹਨ

ਦੋਹਰਾ –ਸਾ ਮਾ ਵਾਦ ਸੰਵਾਦ ਕਰਨ ਜਦ ਗਾਇਆ ਜਾਇ ਮੇਘ। ਬਾਰਸ਼ ਬਣ ਕੇ ਆਵੇ ਇੰਦਰ, ਜਦ ਸੁਣੇ ਰਾਗ ਉਹ ਮੇਘ। ਅਰਥਾਤ ਮੇਘ ਰਾਗ ਸੁਣ ਕੇ ਰਾਜਾ ਇੰਦਰ ਖੁਸ਼ ਹੋ ਜਾਂਦਾ ਹੈ ਤੇ ਬਾਰਸ਼ ਬਣ ਕੇ ਬਰਸਣ ਲੱਗ ਪੈਂਦਾ ਹੈ ਤੇ ਸਭ ਜੀਅ –ਜੰਤ ਸੁਖੀ ਹੋ ਜਾਂਦੇ ਹਨ। (ਮੀਂਹ ਪਇਆ ਪਰਮੇਸ਼ਰ ਪਾਇਆ। ਜੀਅ ਜੰਤ ਸਭ ਸੁਖੀ ਵਸਾਇਆ।) ਮਾਝ ਮ5

ਸੰਸਾਰ ਵਿਚ ਤਿੰਨ ਮਹਾਂਪੁਰਸ਼ ਐਸੇ ਹੋਏ ਹਨ ਜਿਹਨਾਂ ਨੂੰ ਸੰਗੀਤ ਦੇ ਅਵਤਾਰ ਮੰਨਿਆ ਜਾਂਦਾ ਹੈ। ਉਹ ਤਿੰਨ ਮਹਾਂਪੁਰਸ਼ ਸਨ-ਸ੍ਰੀ ਕ੍ਰਿਸ਼ਨ ਭਗਵਾਨ ਜੀ, ਗੁਰੂ ਨਾਨਕ ਦੇਵ ਸਾਹਿਬ ਜੀ ਅਤੇ ਠਾਕੁਰ ਹਰੀ ਦਾਸ ਜੀ। ਇਤਿਹਾਸ ਵਿਚ ਲਿਖਿਆ ਹੈ ਕਿ ਸ੍ਰੀ ਕ੍ਰਿਸ਼ਨ ਭਗਵਾਨ ਜਦੋਂ (ਮੁਰਲੀ) ਬੰਸਰੀ ਵਜਾਉਂਦੇ ਸਨ ਤਾਂ ਹਵਾ ਵੀ ਰੌਲਾ ਨਹੀਂ ਸੀ ਪਾਉਂਦੀ ਤੇ ਖਾਮੋਸ਼ ਹੋ ਜਾਂਦੀ ਸੀ। ਹਵਾ ਦੇ ਖਾਮੋਸ਼ ਹੋਣ ਨਾਲ ਜਿਥੇ ਜਿਥੇ ਸਵਰ ਲਹਿਰੀਆਂ ਪੁਜਦੀਆਂ ਸਨ, ਸਾਰਾ ਵਾਤਾਵਰਣ ਸੁਗੰਧਿਤ ਹੋ ਜਾਂਦਾ ਸੀ। ਪਸ਼ੂ ਪੰਛੀ ਜੀਵ ਜੰਤ ਉਹਨਾਂ ਸੁਰ ਦੀਆਂ ਲਹਿਰਾਂ ਸੁਣ ਕੇ ਖਿੱਚੇ ਚਲੇ ਆਉਂਦੇ ਸਨ ਤੇ ਮੰਤਰ ਮੁਗਧ ਹੋ ਕੇ ਸ੍ਰੀ ਕ੍ਰਿਸ਼ਨ ਜੀ ਦੇ ਸਾਹਮਣੇ ਬੈਠ ਕੇ ਸੰਗੀਤ ਦਾ ਰਸ ਮਾਣਦੇ ਸਨ ਅਤੇ ਗਊਆਂ ਦੇ ਥਣਾਂ ਵਿਚੋਂ ਆਪਣੇ ਆਪ ਹੀ ਦੁੱਧ ਵਗਣ ਲੱਗ ਪੈਂਦਾ ਸੀ। ਇਸੇ ਤਰ੍ਹਾਂ ਜਦੋਂ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਜੰਗਲਾਂ ਵਿਚ ਬੈਠ ਕੇ ਤੇ ਸੁਰ ਦਾ ਅਲਾਪ ਕਰਕੇ ਰਾਗ ਵਿਚ ਪਾ ਕੇ ਬਾਣੀ ਪੜ੍ਹਦੇ ਸਨ ਤਾਂ ਜੰਗਲ ਦੇ ਜੀਅ ਜੰਤ ਆਵਾਜ਼ ਸੁਣ ਕੇ ਸਤਿਗੁਰੂ ਜੀ ਵੱਲ ਖਿੱਚੇ ਚਲੇ ਆਉਂਦੇ ਸਨ ਤੇ ਸਾਹਮਣੇ ਇਕ ਪੰਗਤ ਵਿਚ ਬੈਠ ਕੇ ਮੰਤਰ ਮੁਗਧ ਹੋਕੇ ਕੀਰਤਨ ਸੁਣਦੇ ਸਨ। ਇਸੇ ਤਰੀਕੇ ਨਾਲ ਜਦੋਂ ਸਵਾਮੀ ਹਰੀਦਾਸ ਜੀ, ਜੋ ਕਿ ਤਾਨਸੈਨ ਅਤੇ ਬੈਜੂ ਬਾਵਰਾ ਦੇ ਸੰਗੀਤ ਗੁਰੂ ਸਨ ਅਤੇ ਭਾਈ ਮਰਦਾਨਾ ਸਾਹਿਬ ਜੀ ਦੇ ਸ਼ਾਗਿਰਦ ਸਨ, ਇਹਨਾਂ ਦੇ ਸੰਗੀਤ ਵਿਚ ਵੀ ਇਹੀ ਕਸ਼ਿਸ਼ ਸੀ ਜੋ ਕ੍ਰਿਸਨ ਜੀ ਦੀ ਬੰਸਰੀ ਅਤੇ ਗੁਰੂ ਨਾਨਕ ਦੇਵ ਜੀ ਦੇ ਕੀਰਤਨ ਵਿਚ ਸੀ। ਕਾਨਪੁਰ ਵਿਚ ਇਕ ਸੰਸਥਾ ਹੈ ਜੋ ਸਾਲ ਵਿਚ ਦੋ ਵਾਰ ਸੰਗੀਤ ਸੰਮੇਲਨ ਕਰਦੀ ਹੈ। ਇਕ ਸੰਮੇਲਨ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਤੇ ਹੁੰਦਾ ਹੈ ਅਤੇ ਦੂਜਾ ਸੰਮੇਲਨ ਇਹ ਸੰਸਥਾ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ ਤੇ ਕਰਵਾਉਂਦੀ ਹੈ। ਇਸ ਸੰਸਥਾ ਦਾ ਇਹ ਕਹਿਣਾ ਹੈ ਕਿ ਇਹ ਦੋਵੇਂ ਹੀ ਸੰਗੀਤ ਦੇ ਅਵਤਾਰ ਮੰਨੇ ਜਾਂਦੇ ਹਨ ਇਸ ਲਈ ਅਸੀਂ ਇਹਨਾਂ ਦੋਵਾਂ ਮਹਾਂ ਪੁਰਸ਼ਾਂ ਦੇ ਜਨਮ ਦਿਨ ਨੂੰ ਸੰਗੀਤ ਸੰਮੇਲਨ ਕਰਵਾਉਂਦੇ ਹਾਂ। ਹੁਣ ਜ਼ਰਾ ਗੁਰੂ ਨਾਨਕ ਸਾਹਿਬ ਦੇ ਕੀਰਤਨ ਤੇ ਹੋਰ ਝਾਤੀ ਮਾਰੀਏ ਕਿ ਅਸੀਂ ਰਾਗੀ ਲੋਕ ਕਈ ਕਈ ਸਾਜ਼ ਵਜਾ

ਕੇ ਅਤੇ ਤਿੰਨ ਚਾਰ ਬੰਦੇ ਮਿਲ ਕੇ ਕੀਰਤਨ ਕਰਦੇ ਹਾਂ ਪਰ ਫਿਰ ਵੀ ਪਸ਼ੂ ਪੰਛੀ ਤਾਂ ਇਕ ਪਾਸੇ ਰਹੇ, ਅਸੀਂ ਮਨੁੱਖ ਨੂੰ ਵੀ ਪ੍ਰਭਾਵਿਤ ਨਹੀਂ ਕਰ ਸਕਦੇ। ਸਤਿਗੁਰੂ ਜੀ ਤਾਂ ਇਕੱਲੇ ਹੀ ਕੀਰਤਨ ਕਰਦੇ ਸਨ। ਸਤਿਗੁਰੂ ਜੀ ਦੀ ਆਵਾਜ਼ ਵਿਚ ਅਤੇ ਬੋਲਾਂ ਵਿਚ ਇਤਨੀ ਮਿਠਾਸ ਤੇ ਮਧੁਰਤਾ ਸੀ ਕਿ ਜੀਵ-ਜੰਤੂ, ਪਸ਼ੂ-ਪੰਛੀ ਅਤੇ ਵਨਸਪਤੀ, ਕੌਡੇ ਵਰਗੇ ਰਾਕਸ਼, ਬਾਬਰ ਵਰਗੇ ਜ਼ਾਲਮ ਰਾਜੇ, ਬਗਦਾਦ, ਮੁਲਤਾਨ ਅਤੇ ਮੱਕੇ ਦੇ ਪੀਰ, ਸੱਜਣ ਵਰਗੇ ਠੱਗ, ਭੂਮੀਆ ਚੋਰ ਅਤੇ ਸਾਰੇ ਸਿੱਧ ਜਤੀ ਜੋਗੀ, ਤੀਰਥ ਅਸਥਾਨਾਂ ਦੇ ਪੰਡਤ ਤੇ ਕਾਜ਼ੀ, ਮੁੱਲਾਂ ਅਤੇ ਸਭ ਪੀਰ ਫਕੀਰ ਸਾਰੇ ਹੀ ਸਤਿਗੁਰੂ ਜੀ ਦੇ ਕੀਰਤਨ ਦੇ ਪ੍ਰਭਾਵ ਨਾਲ ਉਹਨਾਂ ਦੀ ਸ਼ਰਨ ਵਿਚ ਆ ਗਏ ਅਤੇ ਉਹਨਾਂ ਦੇ ਉਪਦੇਸ਼ਾਂ ਨੂੰ ਲੋਕਾਂ ਨੇ ਅਪਣਾਇਆ ਅਤੇ ਸਿੱਖੀ ਧਾਰਨ ਕੀਤੀ। ਇਤਿਹਾਸਕਾਰ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਨਾਲ ਸਾਰੇ ਸੰਸਾਰ ਵਿਚ ਚੌਂਤੀ ਪੈਂਤੀ ਕਰੋੜ ਗੁਰੂ ਨਾਨਕ ਦੇ ਸਿੱਖ ਹੋ ਗਏ ਸਨ, ਜੋ ਗੁਰੂ ਨਾਨਕ ਨਾਮ ਲੇਵਾ ਸਨ। ਉਹ ਪੈਂਤੀ ਕਰੋੜ ਸਿੱਖ ਕਿਥੇ ਗਏ, ਹੁਣ ਤਾਂ ਅੱਧੇ ਨਾਲੋਂ ਜ਼ਿਆਦਾ ਪੰਜਾਬ ਹੀ ਪਤਿਤ ਹੋਇਆ ਪਿਆ ਹੈ।

ਕੀਰਤਨ ਦਾ ਅਰਥ ਹੈ ਪਰਮਾਤਮਾ ਦੀ ਕੀਰਤੀ ਗਾਉਣੀ, ਪਰਮਾਤਮਾ ਦਾ ਜਸ ਗਾਉਣਾ, ਉਸ ਦੀ ਸਿਫ਼ਤ ਕਰਨੀ। ਕਿਉਂ ਕਿ ਪਰਮਾਤਮਾ ਦਾ ਜਸ ਗਾਉਣ ਨਾਲ ਮਨੁੱਖ ਦੇ ਮਨ ਅੰਦਰ ਜੋ ਭੈੜੀਆਂ ਵਾਸ਼ਨਾਵਾਂ ਅਤੇ ਭੈੜੀਆਂ ਪਰਵਿਰਤੀਆਂ ਹਨ ਅਤੇ ਜੋ ਖੋਟੀ ਬੁੱਧੀ ਹੈ, ਉਹ ਨਾਸ਼ ਹੋ ਜਾਂਦੀ ਹੈ। ਸਤਿਗੁਰੂ ਫੁਰਮਾਨ ਕਰਦੇ ਹਨ–

ਜੋ ਜੋ ਕਥੈ ਸੁਨੈ ਹਰਿ ਕੀਰਤਨ ਤਾ ਕੀ ਦੁਰਮਤ ਨਾਸ।

ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ।

ਕਾਨੜਾ ਮਹਲਾ 5 (1300)

ਸਤਿਗੁਰੂ ਕਹਿ ਰਹੇ ਹਨ ਕਿ ਕੀਰਤਨ ਕਰਨ ਵਾਲਿਆਂ ਦੀ ਦੁਰਮਤ ਨਾਸ ਹੋ ਜਾਂਦੀ ਹੈ ਅਤੇ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ।

ਪਰ ਸਾਡੀ ਤਾਂ ਦੁਰਮਤ ਨਾਸ਼ ਕੋਈ ਨਹੀ ਹੋਈ। ਮੈਂ ਆਪਣੀਆਂ ਅੱਖਾਂ ਨਾਲ ਬਹੁਤ ਸਾਰੇ ਰਾਗੀ ਵੀਰ ਦੇਖੇ ਹਨ, ਜੋ ਵਧੀਆ ਕੀਰਤਨ ਕਰਨ ਦੇ ਬਾਵਜੂਦ ਵੀ ਦੁਖੀ ਹਨ ਅਤੇ ਰੋਂਦੇ ਫਿਰਦੇ ਹਨ ਅਤੇ ਮਾਇਕ ਤੌਰ ਤੇ ਵੀ ਸੁਖੀ ਨਹੀਂ ਹਨ। ਦੁਖੀ ਹਨ ਅਤੇ ਦੁਰਮਤ ਵਿਚ ਅੱਤ ਦੇ ਫਸੇ ਹੋਏ ਹਨ ਕਿਉਂ ਕਿ ਉਹ ਕੀਰਤਨ ਤਾਂ ਕਰਦੇ ਹਨ ਅਤੇ ਭੈੜੇ ਕੰਮ ਵੀ ਕਰਦੇ ਹਨ।

ਕਬੀਰ ਮਨੁ ਜਾਨਤ ਸਭ ਬਾਤ, ਜਾਨਤ ਹੀ ਅਉਗਨ ਕਰੈ।

ਕਾਹੇ ਕੀ ਕੁਸਲਾਤੁ ਹਾਥਿ ਦੀਪੁ ਕੂਏ ਪਰੈ। (ਪੰਨਾ 1376)

ਸੋ ਦੁਰਮਤ ਤਾਂ ਸਾਡੀ ਨਾਸ ਹੋਈ ਹੀ ਨਹੀਂ ਤੇ ਆਸਾਂ ਕਿਥੋਂ ਪੂਰਨ ਹੋ ਜਾਣਗੀਆਂ।

ਪਰ ਸਤਿਗੁਰ ਜੀ ਜੋ ਫੁਰਮਾਨ ਕਰ ਰਹੇ ਹਨ ਕਿ ਕੀਰਤਨ ਕਰਨ ਵਾਲਿਆਂ ਦੀਆਂ ਸਭ ਇੱਛਾ ਪੂਰਨ ਹੋ ਜਾਂਦੀਆਂ ਨੇ ਤੇ ਐਸੇ ਕੀਰਤਨੀਏ ਵੀ ਸਿੱਖ ਇਤਿਹਾਸ ਵਿਚ ਕੁਝ ਉਂਗਲਾਂ ਤੇ ਗਿਣੇ ਜਾਣ ਵਾਲੇ ਹੀ ਹੋਏ ਹਨ। ਜਿਹਨਾਂ ਕੀਰਤਨੀਆਂ ਤੇ ਸਤਿਗੁਰੂ ਦਾ ਹੁਕਮ ਪੂਰਾ ਢੁਕਦਾ ਸੀ, ਉਹ ਜੋ ਸਿਰਫ ਤੇ ਸਿਰਫ ਸਤਿਗੁਰੂ ਵਾਸਤੇ ਤੇ ਪ੍ਰਭੂ ਦੀ ਯਾਦ ਵਿਚ ਹੀ ਕੀਰਤਨ ਕਰਦੇ ਸਨ, ਜਿਹਨਾਂ ਬਾਰੇ ਸਤਿਗੁਰੂ ਜੀ ਕਹਿੰਦੇ ਹਨ ਕਿ–

ਭਾਇ ਭਗਤਿ ਪ੍ਰਭ ਕੀਰਤਨਿ ਲਾਗੈ। ਜਨਮ ਜਨਮ ਕਾ ਸੋਇਆ ਜਾਗੈ। ਗੌਂਡ ਮਹਲਾ 5 (869)

ਜੋ ਸਿਰਫ ਪਰਮੇਸ਼ਵਰ ਵਾਸਤੇ ਹੀ ਕੀਰਤਨ ਕਰਦੇ ਸਨ– ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਾਂ ਗੁਰ ਪਾਤਸ਼ਾਹਾਂ ਨੇ ਵੀ ਕੀਤਾ ਅਤੇ ਜਿਤਨੇ ਭਗਤ ਗੁਰੂ ਗ੍ਰੰਥ ਸਾਹਿਬ ਵਿਚ ਬੈਠੇ ਹਨ ਉਹਨਾਂ ਨੇ ਵੀ ਪ੍ਰਭੂ ਦੀ ਕੀਰਤੀ ਕੀਰਤਨ ਕੀਤਾ। ਗੁਰੂ ਸਾਹਿਬਾਂ ਤੋਂ ਬਾਅਦ ਕਈ ਗੁਰਸਿੱਖ ਕੀਰਤਨੀਆਂ ਨੇ ਵੀ ਐਸਾ ਕੀਰਤਨ ਕੀਤਾ ਜਿਹਨਾਂ ਬਾਰੇ ਸਤਿਗੁਰੂ ਜੀ ਫੁਰਮਾਨ ਕਰਦੇ ਹਨ–

ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨ ਜਾਗੇ। ਮ: 5 (322)

ਤੇ ਐਸੇ ਕੀਰਤਨੀਏ ਸਨ ਭਾਈ ਮਰਦਾਨਾ ਜੀ, ਭਾਈ ਸੱਤਾ ਬਲਵੰਡ ਜੀ, ਠਾਕਰ ਹਰੀ ਦਾਸ ਜੀ, ਭਾਈ ਸ਼ਾਮ ਸਿੰਘ ਜੀ (ਜੋ ਮਹਾਰਾਜਾ ਰਣਜੀਤ ਸਿੰਘ ਦੇ ਵਕਤ) ਹਰਿ ਮੰਦਰ ਸਾਹਿਬ ਦੇ ਹਜੂਰੀ ਕੀਰਤਨੀਏ

ਸਨ। ਭਾਈ ਹੀਰਾ ਸਿੰਘ ਜੀ, ਭਾਈ ਧਰਮ ਸਿੰਘ ਜ਼ਖਮੀ ਜੀ, ਭਾਈ ਸਾਹਿਬ ਸੰਤਾ ਸਿੰਘ ਜੀ ਸੀਸ ਗੰਜ ਦਿੱਲੀ ਵਾਲੇ, ਭਾਈ ਸਾਹਿਬ ਭਾਈ ਸੁਰਜਨ ਸਿੰਘ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਅਖੰਡ ਕੀਰਤਨੀਏ, ਸੰਤ ਸੁਜਾਨ ਸਿੰਘ ਜੀ ਦਿੱਲੀ ਵਾਲੇ ਅਤੇ ਹੋਰ ਵੀ ਕਈ ਮਹਾਂ ਪੁਰਸ਼ ਐਸੇ ਕੀਰਤਨੀਏ ਹੋਏ ਹਨ ਜਿਹਨਾਂ ਸਭ ਦੇ ਨਾਮ ਦਾਸ ਨੂੰ ਯਾਦ ਨਹੀਂ ਹਨ। ਸੋ ਜੋ ਸਿਰਫ ਪ੍ਰਭੂ ਵਾਸਤੇ ਹੀ ਕੀਰਤਨ ਕਰਦੇ ਹਨ, ਉਹਨਾਂ ਦੀਆਂ ਆਸਾਂ ਪ੍ਰਭੂ ਪੂਰੀਆਂ ਕਰਦਾ ਹੈ। ਪਰ ਉਹਨਾਂ ਦੇ ਮਨ ਦੀ ਇਹ ਮੰਗ, ਇਹ ਚਾਹਤ ਨਹੀਂ ਹੁੰਦੀ ਕਿ ਮੇਰੀਆਂ ਲੋੜਾਂ ਪੂਰੀਆਂ ਹੋ ਜਾਣ। ਉਹ ਸਿਰਫ ਪ੍ਰਭੂ ਦੇ ਪਿਆਰ ਵਿਚ ਆ ਕੇ ਉਹਦੀ ਸਿਫਤ ਸਲਾਹ ਕਰਦੇ ਹਨ, ਉਹਦੇ ਨਾਲ ਪ੍ਰੇਮ ਕਰਦੇ ਹਨ, ਉਹਦੇ ਪਿਆਰ ਵਿਚ ਰੰਗੇ ਹੋਏ ਹੁੰਦੇ ਹਨ ਤੇ ਉਹਨਾਂ ਬਾਰੇ ਹੀ ਦਸਮ ਪਾਤਸ਼ਾਹ ਫੁਰਮਾਨ ਕਰਦੇ ਹਨ ਕਿ-

ਸਾਚ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਹੀ ਪ੍ਰਭ ਪਾਇਓ। (ਅਕਾਲ ਉਸਤਤ ਪਾ:10) ਜਿਸ ਤਰ੍ਹਾਂ ਭਗਤ ਸੈਣ ਜੀ ਦੀ ਸਾਖੀ ਭਾਈ ਗੁਰਦਾਸ ਜੀ ਨੇ ਲਿਖੀ ਹੈ ਕਿ-

ਸੁਣਿ ਪਰਤਾਪੁ ਕਬੀਰ ਦਾ,
ਦੂਜਾ ਸਿੱਖ ਹੋਆ ਸੈਣੁ ਨਾਈ।
ਪ੍ਰੇਮਿ ਭਗਤਿ ਰਾਤੀ ਕਰੈ
ਭਲਕੈ ਰਾਹ ਦੁਆਰੈ ਜਾਈ।
ਆਏ ਸੰਤੁ ਪਰਾਹੁਣੇ,
ਕੀਰਤਨ ਹੋਆ ਰੈਣਿ ਸਬਾਈ।
ਛਡਿ ਨਾ ਸਕੈ ਸੰਤ ਜਨ
ਰਾਜ ਦੁਆਰਿ ਗਇਆ ਸ਼ਰਮਾਈ।
ਰਾਣੇ ਦੂਰਹੁੰ ਸਦਿ ਕੈ
ਹਥਹੁ ਕਵਾਇ ਖੋਲਿ ਪੈਨ੍ਹਾਈ।
ਵਸਿ ਕੀਤਾ ਹਉ ਤੁਧੁ ਅਜੁ
ਬੋਲੈ ਰਾਜਾ ਸੁਣੇ ਲੁਕਾਈ।
ਪਰਗਟੁ ਕਰੇ ਭਗਤਿ ਵਡਿਆਈ। 26 "10"

ਭਗਤ ਸੈਣ ਨਾਈ ਜੀ, ਸੰਤ ਮਹਾਂ ਪੁਰਸ਼ਾਂ ਨਾਲ ਕੀਰਤਨ ਦੇ ਰੰਗ ਵਿਚ ਐਸੇ ਰੰਗੇ ਗਏ ਕਿ ਭੁੱਲ ਹੀ ਗਏ ਕਿ ਮੈਂ ਰਾਜੇ ਦੀ ਸੇਵਾ ਕਰਨੀ ਹੈ ਜਾ ਕੇ। ਪ੍ਰਭੂ ਦੀ ਕੀਰਤੀ ਦੇ ਰੰਗ ਵਿਚ ਰੰਗੇ ਗਏ ਤਾਂ ਪ੍ਰਭੂ ਨੂੰ ਚਿੰਤਾ ਲੱਗ ਗਈ ਕਿ ਇਹ ਤਾਂ ਮੇਰੀ ਭਗਤੀ ਵਿਚ ਰੁੱਝਿਆ ਹੋਇਆ ਹੈ, ਜੇ ਰਾਜੇ ਦੀ ਸੇਵਾ ਕਰਨ ਇਹ ਨਾ ਗਿਆ ਤਾਂ ਰਾਜਾ ਇਸ ਨੂੰ ਸਜ਼ਾ ਦੇਵੇਗਾ। ਇਹ ਸੋਚ ਕੇ ਪ੍ਰਭੂ ਆਪ ਸੈਣ ਨਾਈ ਦਾ ਰੂਪ ਧਾਰ ਕੇ ਰਾਜੇ ਦੀ ਸੇਵਾ ਕਰਨ ਆ ਗਏ ਤੇ ਰਾਜੇ ਦੀ ਸੇਵਾ ਮੁਠੀ ਚਾਪੀ ਕੀਤੀ ਤੇ ਮਾਲਸ਼ ਕੀਤੀ। ਹੁਣ ਹੋਇਆ ਇਹ ਕਿ ਕਿਥੇ ਤਾਂ ਰਾਜੇ ਨੂੰ ਇਕ ਮਨੁੱਖ ਦੇ ਹੱਥ ਲਗਦੇ ਸੀ ਅਤੇ ਕਿਥੇ ਰਾਜੇ ਨੂੰ ਪ੍ਰਮੇਸ਼ਵਰ ਦੇ ਹੱਥ ਛੋਹ ਗਏ। ਰਾਜੇ ਦੇ ਸਰੀਰ ਦੇ ਅੰਦਰ ਜਿਤਨੇ ਵੀ ਕਸ਼ਟ ਸਨ, ਉਹ ਸਾਰੇ ਹੀ ਖਤਮ ਹੋ ਗਏ ਅਤੇ ਰਾਜਾ ਨਿਰੋਗ ਹੋ ਗਿਆ ਤੇ ਉਸ ਨੂੰ ਸੁਖ ਪਿਆ ਤਾਂ ਰਾਜੇ ਨੂੰ ਨੀਂਦ ਆ ਗਈ ਤੇ ਉਹ ਸੌਂ ਗਿਆ। ਜੋ ਸੈਣ ਬਣ ਕੇ ਪ੍ਰਭੂ ਆਏ ਹੋਏ ਸਨ, ਉਹ ਚਲੇ ਗਏ। ਪਾਠਕੋ ਸੋਚੋ ਕਿ ਕੈਸਾ ਕੌਤਕ ਵਰਤਿਆ। ਭਗਤੀ ਤਾਂ ਕੀਤੀ ਸੈਣ ਜੀ ਨੇ ਤੇ ਉਸ ਦਾ ਫਲ ਮਿਲ ਗਿਆ ਰਾਜੇ ਨੂੰ। ਜਦੋਂ ਦਿਨ ਚੜ੍ਹੇ ਸੈਣ ਜੀ ਭਗਤੀ ਤੋਂ ਵਿਹਲੇ ਹੋਏ ਤਾਂ ਯਾਦ ਆਇਆ ਕਿ ਓਹੋ, ਮੈਂ ਤਾਂ ਰਾਜੇ ਦੀ ਸੇਵਾ ਕਰਨ ਜਾਣਾ ਸੀ, ਭੁੱਲ ਹੀ ਗਿਆ। ਡਰਦੇ ਡਰਦੇ ਸੈਣ ਜੀ ਰਾਜੇ ਦੇ ਦਰਬਾਰ ਵਿਚ ਗਏ ਕਿ ਪਤਾ ਨਹੀਂ ਰਾਜਾ ਕੀ ਸਜ਼ਾ ਦੇਵੇਗਾ। ਪਰ ਜਦੋਂ ਸੈਣ ਜੀ ਰਾਜੇ ਦੇ ਦਰਬਾਰ ਵਿਚ ਪੁੱਜੇ ਤਾਂ ਰਾਜਾ ਸੈਣ ਨੂੰ ਦੇਖ ਕੇ ਇਤਨਾ ਖੁਸ਼ ਹੋਇਆ ਤੇ ਕਹਿਣ ਲੱਗਾ ਸੈਣ ਜੀ ਜਿਹੜੀ ਅੱਜ ਰਾਤ ਨੂੰ ਤੂੰ ਮੇਰੀ ਸੇਵਾ ਕੀਤੀ ਹੈ, ਇਹੋ ਜਿਹੀ ਸੇਵਾ ਤੂੰ ਅੱਗੇ ਕਦੇ ਨਹੀਂ ਕੀਤੀ। ਮੇਰੇ ਸਰੀਰ ਦੇ ਸਭ ਰੋਗ ਦੂਰ ਹੋ ਗਏ ਹਨ। ਖੁਸ਼ ਹੋ ਕੇ ਰਾਜੇ ਨੇ ਆਪਣੇ ਗਲ ਪਹਿਨੇ ਹੋਏ ਕੀਮਤੀ ਵਸਤਰ ਲਾਹ ਕੇ ਸੈਣ ਜੀ ਨੂੰ ਦੇ ਦਿੱਤੇ। ਸੋ ਜੋ ਇਸ ਤਰ੍ਹਾਂ ਪ੍ਰਭੂ ਨਾਲ ਜੁੜ ਕੇ ਕੀਰਤਨ ਕਰਦਾ ਹੈ, ਉਸ ਦੀਆਂ ਸਭ ਮਨੋਕਾਮਨਾਂ ਪੂਰੀਆਂ ਹੋ ਜਾਂਦੀਆਂ ਹਨ। ਸਤਿਗੁਰੂ ਨਾਨਕ ਸਾਹਿਬ ਜੀ ਨੇ ਸਾਰੀ ਮਨੁੱਖਤਾ ਨੂੰ ਆਪਣੀ ਸੁਰ ਅਤੇ ਕੀਰਤਨ ਨਾਲ ਕੀਲਿਆ। ਸਤਿਗੁਰ ਜੀ ਤੋਂ ਕੀਰਤਨ ਸੁਣ ਕੇ ਲੋਕਾਂ ਨੂੰ ਆਪਣਾ ਵੈਰ ਭਾਵ ਹੀ ਭੁੱਲ ਜਾਦਾ ਸੀ। ਇਸ ਗੱਲ ਦਾ ਪ੍ਰਮਾਣ ਹੈ ਬਗਦਾਦ ਦੀ ਸਾਖੀ। ਸਤਿਗੁਰੂ ਜੀ ਜਦੋਂ ਬਗਦਾਦ ਵਿਚ ਗਏ ਤਾਂ ਗੁਰੂ ਜੀ ਨੇ ਉਥੇ ਜਾ ਕੇ (ਪਾਤਾਲਾਂ ਪਾਤਾਲ ਲਖ ਆਗਾਸਾਂ ਆਗਾਸ) ਜਪੁਜੀ ਪਉੜੀ ਦਾ ਕੀਰਤਨ ਕੀਤਾ ਤਾਂ ਉਥੇ ਬਗਦਾਦ ਦਾ ਕੋਈ ਸੱਜਣ ਸੁਣ ਰਿਹਾ ਸੀ। ਉਸ ਨੇ ਜਾ ਕੇ ਬਗਦਾਦ ਦੇ

ਰਾਜੇ ਕੋਲ ਸ਼ਿਕਾਇਤ ਕੀਤੀ ਕਿ ਬਾਹਰ ਇਕ ਫਕੀਰ ਆਇਆ ਹੈ ਜਿਸ ਨੇ ਸਾਡੇ ਦੇਸ਼ ਦੀ ਸ਼ਰਾ ਦੇ ਵਿਰੁੱਧ ਦੋ ਕੰਮ ਕੀਤੇ ਹਨ। ਇਕ ਤਾਂ ਸਾਡੇ ਦੇਸ਼ ਵਿਚ ਗਾਉਣਾ ਮਨ੍ਹਾ ਹੈ, ਪਰ ਉਸ ਨੇ ਗਾਇਆ ਹੈ ਅਤੇ ਦੂਜਾ ਕੁਰਾਨ ਸ਼ਰੀਫ ਵਿਚ ਸੱਤ ਪਾਤਾਲ ਅਤੇ ਸੱਤ ਆਕਾਸ਼ ਲਿਖੇ ਹਨ। ਪਰ ਉਸ ਨੇ ਕੁਫਰ ਬੋਲਿਆ ਹੈ ਕਿ ਲੱਖਾਂ ਪਾਤਾਲ ਤੇ ਲੱਖਾਂ ਆਕਾਸ਼ ਹਨ। ਇਹ ਸ਼ਿਕਾਇਤ ਸੁਣ ਕੇ, ਜੋ ਉਥੋਂ ਦਾ ਰਾਜਾ ਸੀ ਤੇ ਪੀਰ ਵੀ ਸੀ, ਜਿਸ ਦਾ ਨਾਮ ਇਤਿਹਾਸ ਵਿਚ ਦਸਤਗੀਰ ਲਿਖਿਆ ਹੈ, ਉਸ ਨੇ ਬਗਦਾਦ ਦੇ ਲੋਕਾਂ ਨੂੰ ਹੁਕਮ ਕੀਤਾ ਕਿ ਜਾਓ ਉਸ ਫਕੀਰ ਨੂੰ ਪੱਥਰ ਮਾਰ ਕੇ ਖਤਮ ਕਰ ਦਿਉ। ਤਾਂ ਬਗਦਾਦ ਦੇ ਸਭ ਲੋਕ ਸਤਿਗੁਰੂ ਜੀ ਨੂੰ ਮਾਰਨ ਲਈ ਆ ਗਏ। ਜਦੋਂ ਲੋਕਾਂ ਨੇ ਪੱਥਰ ਤੇ ਇੱਟਾਂ ਰੋੜੇ ਚੁੱਕ ਕੇ ਸਤਿਗੁਰ ਜੀ ਨੂੰ ਮਾਰਨ ਲਈ ਹੱਥ ਉਤਾਂਹ ਨੂੰ ਚੁੱਕੇ ਤਾਂ, ਸਤਿਗੁਰੂ ਜੀ ਨੇ ਇਕ ਐਸੀ ਮਿੱਠੀ ਆਵਾਜ਼ ਵਿਚ (ਸਤਿ ਕਰਤਾਰ) ਦੀ ਆਵਾਜ਼ ਲਾਈ, ਉਹ ਆਵਾਜ਼ ਸਤਿਗੁਰੂ ਜੀ ਦੀ ਇਤਨੀ ਮਿੱਠੀ ਸੀ, ਕਿ ਲੋਕ ਆਵਾਜ਼ ਸੁਣ ਕੇ ਮੰਤਰ ਮੁਗਧ ਹੋ ਗਏ, ਸੁੰਨ ਹੀ ਹੋ ਗਏ। ਭਾਈ ਗੁਰਦਾਸ ਜੀ, ਇਸ ਗੱਲ ਦੀ ਗਵਾਹੀ ਭਰਦੇ ਹਨ ਕਿ (ਦਿੱਤੀ ਬਾਂਗਿ ਨਿਵਾਜਿ ਕਰਿ, ਸੁਨਿ ਸਮਾਨਿ ਹੋਆ ਜਹਾਨਾ। ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ) ਵਾਰ ੧ ਪੰ: 35) (ਜਨਮ ਸਾਖੀ ਵਿਚ ਲਿਖਿਆ ਹੈ ਕਿ ਸਤਿਗੁਰ ਜੀ ਨੇ ਕਰਾਮਾਤ ਦਿਖਾਈ ਤੇ ਉਹ ਲੋਕਾਂ ਦੀਆਂ ਬਾਹਵਾਂ ਉਤਾਂਹ ਚੁੱਕੀਆਂ ਹੋਈਆਂ ਹੀ ਪੱਥਰ ਹੋ ਗਈਆਂ) ਸੋ ਬੇਨਤੀ ਹੈ ਕਿ ਸਤਿਗੁਰ ਜੀ ਨੇ ਕੋਈ ਕਰਾਮਾਤ ਨਹੀਂ ਵਰਤਾਈ, ਬਲਕਿ ਭਾ; ਗੁਰਦਾਸ ਜੀ ਕੇ ਕਥਨ ਮੁਤਾਬਕ ਲੋਕ ਆਵਾਜ਼ ਸੁਣ ਕੇ ਸੁੰਨ ਹੋ ਗਏ। ਲੋਕਾਂ ਨੂੰ ਇਹ ਸੁੱਧ ਹੀ ਭੁੱਲ ਗਈ ਕਿ ਅਸੀਂ ਪੱਥਰ ਮਾਰਨ ਆਏ ਹਾਂ। ਸੋ ਜਦੋਂ ਬਗਦਾਦ ਦੇ ਪੀਰ ਨੇ (ਰਾਜੇ ਨੇ) ਇਹ ਕੌਤਕ ਦੇਖਿਆ ਤਾਂ ਉਸ ਨੇ ਆ ਕੇ ਸਤਿਗੁਰ ਜੀ ਨੂੰ ਪੁਛਿਆ (ਭਾਈ ਗੁਰਦਾਸ ਜੀ ਲਿਖਦੇ ਹਨ ਪੁਛਿਆ ਫਿਰਿ ਕੈ ਦਸਤਗੀਰ, ਕਉਣ ਫਕੀਰੁ ਕਿਸ ਕਾ ਘਰਿਹਾਨਾ। ਨਾਨਕ ਕਲਿ ਵਿਚ ਆਇਆ ਰਬੁ ਫਕੀਰੁ ਇਕੋ ਪਹਿਚਾਨਾ) (ਵਾਰ੧ ਪੰਨਾ 35) ਪੀਰ ਨੇ ਸਤਿਗੁਰ ਤੋਂ ਪੁਛਿਆ ਕਿ ਤੁਸੀਂ ਕਿਥੋਂ ਆਏ ਹੋ ਤੇ ਤੁਹਾਡਾ ਨਾਮ ਕੀ ਹੈ, ਤਾਂ ਸਤਿਗੁਰ ਜੀ ਨੇ ਉਤਰ ਦਿੱਤਾ ਕਿ ਅਸੀਂ ਪੰਜਾਬ ਤੋਂ ਆਏ ਹਾਂ ਅਤੇ ਨਾਨਕ ਸਾਡਾ ਨਾਮ ਹੈ। ਤਾਂ ਦਸਤਗੀਰ ਨੇ ਗੁਰੂ ਜੀ ਨੂੰ ਕਿਹਾ ਕਿ ਤੁਸੀਂ ਸਾਡੇ ਦੇਸ਼ ਦੇ ਕਾਨੂੰਨ ਦੇ ਵਿਰੁੱਧ ਦੋ ਕੰਮ ਕੀਤੇ ਹਨ। ਇਕ ਤਾਂ ਸਾਡੇ ਦੇਸ਼ ਵਿਚ ਗਾਉਣਾ ਮਨ੍ਹਾ ਹੈ, ਪਰ ਤੁਸੀਂ ਗਾਇਆ ਹੈ ਅਤੇ ਦੂਜਾ ਸਾਡੇ ਕੁਰਾਨ ਸ਼ਰੀਫ਼ ਵਿਚ (ਸਤ ਪਾਤਾਲ ਤੇ ਸਤ ਅਕਾਸ਼) ਲਿਖੇ ਹਨ ਅਤੇ ਤੁਸੀਂ ਕਿਹਾ ਕਿ ਲੱਖਾਂ ਪਾਤਾਲ ਤੇ ਲੱਖਾਂ ਆਕਾਸ਼ ਹਨ। ਤਾਂ ਸਤਿਗੁਰ ਜੀ ਨੇ ਉੱਤਰ ਦਿੱਤਾ ਕਿ ਏਹ ਠੀਕ ਹੈ ਕਿ ਮੁਹੰਮਦ ਸਾਹਿਬ ਨੂੰ ਸਤ ਪਾਤਾਲ ਤੇ ਸਤ ਆਕਾਸ਼ਾਂ ਦੀ ਖ਼ਬਰ ਸੀ, ਉਨ੍ਹਾਂ ਨੇ ਇਤਨੇ ਹੀ ਲਿਖ ਦਿੱਤੇ ਹਨ। ਸਾਨੂੰ ਲੱਖਾਂ ਦੀ ਖਬਰ ਹੈ, ਅਸੀਂ ਲੱਖਾਂ ਕਹਿ ਦਿੱਤੇ। ਅੱਗੋਂ ਹੋਰ ਕੋਈ ਸਾਡੇ ਤੋਂ ਵੀ ਜ਼ਿਆਦਾ ਦਸ ਸਕੇਗਾ। ਬਾਕੀ ਰਹੀ ਗੱਲ ਗਾਉਣ ਦੀ, ਜੋ ਗਾਉਣਾ ਯਾਂ ਸੰਗੀਤ ਮਨੁੱਖ ਨੂੰ ਖੁਦਾ ਨਾਲੋਂ ਤੋੜ ਦੇਵੇ, ਉਹ ਤਾਂ ਗਾਉਣਾ ਮਨ੍ਹਾ ਹੋਣਾ ਚਾਹੀਦਾ ਹੀ ਹੈ, ਪਰ ਜਿਹੜਾ ਮਨੁੱਖ ਨੂੰ ਖੁਦਾ ਨਾਲ ਜੋੜ ਦੇਵੇ ਤਾਂ ਮਨ੍ਹਾਂ ਨਹੀਂ ਹੋਣਾ ਚਾਹੀਦਾ। ਓਹ ਮਾੜਾ ਕਿਸ ਤਰ੍ਹਾਂ ਹੋ ਸਕਦਾ ਹੈ। ਸੋ ਬੇਨਤੀ ਹੈ ਕਿ ਸਤਿਗੁਰੂ ਜੀ ਦੇ ਕੀਰਤਨ ਵਿਚ ਇਹ ਕਸ਼ਿਸ਼ ਸੀ, ਕਿ ਉਨ੍ਹਾਂ ਤੋਂ ਕੀਰਤਨ ਸੁਣ ਕੇ ਮਨੁੱਖ ਤਾਂ ਕੀ ਪਸ਼ੂ ਪੰਛੀ ਤੇ ਹਰ ਤਰ੍ਹਾਂ ਦੇ ਜਾਨਵਰ ਤੇ ਵਨਸਪਤੀ ਸਾਰੀ ਕਾਇਨਾਤ ਪ੍ਰਭਾਵਿਤ ਹੁੰਦੀ ਸੀ।

ਪਰ ਅੱਜ ਦੇ ਅਸੀਂ ਜਿਤਨੇ ਵੀ ਰਾਗੀ ਸਿੰਘ ਤੇ ਕੀਰਤਨੀਏ ਅਤੇ ਸੰਗੀਤਕਾਰ ਹਾਂ, ਇਹ ਸਾਰੇ ਪਸ਼ੂ ਪੰਛੀਆਂ ਨੂੰ ਪ੍ਰਭਾਵਿਤ ਕਰਨਾ ਤਾਂ ਇਕ ਪਾਸੇ ਰਿਹਾ, ਅਸੀਂ ਤਾਂ ਮਨੁੱਖ ਨੂੰ ਵੀ ਪ੍ਰਭਾਵਿਤ ਨਹੀਂ ਕਰ ਸਕਦੇ। ਪ੍ਰਭੂ ਨੂੰ ਖੁਸ਼ ਕਰਨਾ ਤਾਂ ਬਹੁਤ ਦੂਰ ਦੀ ਗੱਲ ਹੈ। ਇਕ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 300 ਸਾਲਾ ਗੁਰਤਾ ਗੱਦੀ ਪੁਰਬ ਤੇ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਨਿਰਧਾਰਤ ਰਾਗਾਂ ’ਤੇ ਕੀਰਤਨ ਦਰਬਾਰ ਹੋ ਰਿਹਾ ਸੀ ਅਤੇ ਟੀ.ਵੀ. ’ਤੇ ਸਿੱਧਾ ਪ੍ਰਸਾਰਨ ਹੋ ਰਿਹਾ ਸੀ। ਦਾਸ ਆਪਣੇ ਘਰ ਹੀ ਟੀ.ਵੀ. ’ਤੇ ਇਹ ਪ੍ਰੋਗਰਾਮ ਸੁਣ ਰਿਹਾ ਸੀ ਤਾਂ ਮੈਂ ਕੀ ਦੇਖਿਆ ਕਿ ਜਦੋਂ ਨਿਰਧਾਰਤ ਰਾਗਾਂ ਤੇ ਰਾਗੀ ਸਿੰਘਾਂ ਨੇ ਕੀਰਤਨ ਸ਼ੁਰੂ ਕੀਤਾ ਤਾਂ ਸੰਗਤ ਹੌਲੇ ਹੌਲੇ ਉਠਣੀ ਸ਼ੁਰੂ ਹੋ ਗਈ ਤੇ ਕੁਝ ਉਂਗਲਾਂ ਤੇ ਗਿਣੇ ਜਾਣ ਵਾਲੇ ਸਰੋਤੇ ਹੀ ਪੰਡਾਲ ਵਿਚ

ਰਹਿ ਗਏ। ਬਾਕੀ ਸਭ ਉਠ ਕੇ ਚਲੇ ਗਏ।

ਸੋ ਹੋਰ ਵੀ ਕਈ ਐਸੇ ਕੀਰਤਨੀਏ ਵੇਖੇ ਹਨ, ਜੋ ਕਈ ਤਰ੍ਹਾਂ ਦੇ ਸਾਜ਼ ਵਜਾ ਕੇ ਕੀਰਤਨ ਕਰਦੇ ਹਨ। ਪਰ ਸੰਗਤਾਂ ਤੇ ਪ੍ਰਭਾਵ ਨਹੀਂ ਪਾ ਸਕਦੇ। ਕਈ ਰਾਗੀ-ਰਬਾਬੀ ਵੱਡੇ ਵੱਡੇ ਰਾਗਾਂ ਵਿਚ ਗਾਉਂਦੇ ਹਨ ਤੇ ਬੜੇ ਤਾਨ ਪਲਟੇ ਮਾਰਦੇ ਹਨ। ਪਰ ਨਾ ਤਾਂ ਕੀਰਤਨ ਦਾ ਆਨੰਦ ਉਨ੍ਹਾਂ ਨੂੰ ਆਪ ਨੂੰ ਹੀ ਆਉਂਦਾ ਹੈ ਅਤੇ ਨਾ ਹੀ ਸੁਣਨ ਵਾਲਿਆਂ ਨੂੰ ਆਨੰਦ ਆਉਂਦਾ ਹੈ। ਹਾਂ ਉਨ੍ਹਾਂ ਦੀ ਕਲਾਕਾਰੀ ਠੀਕ ਦਿਸਦੀ ਹੈ, ਮਿਹਨਤ ਬਹੁਤ ਕਰਦੇ ਹਨ ਤੇ ਕਲਾਕਾਰੀ ਦਾ ਪ੍ਰਭਾਵ ਤਾਂ ਜ਼ਰੂਰ ਪੈਂਦਾ ਹੈ। ਪਰ ਸੱਚ ਜਾਣੋ ਪ੍ਰਭੂ ਨੂੰ ਪ੍ਰਸੰਨ ਨਹੀਂ ਕਰ ਸਕਦੇ। ਉਸਦਾ ਕਾਰਨ ਇਹ ਹੈ ਕਿ ਇਨ੍ਹਾਂ ਦਾ ਕੀਰਤਨ ਗੁਰੂ ਨਾਨਕ ਵਾਲਾ ਕੀਰਤਨ ਨਹੀਂ ਹੈ। ਦੂਜੀ ਗੱਲ ਇਹ ਹੈ ਕਿ ਇਹ ਮਨੁੱਖਾਂ ਨੂੰ ਖੁਸ਼ ਕਰਨ ਲਈ ਗਾਉਂਦੇ ਹਨ। ਮਨ ਵਿਚ ਇਹ ਚਾਹਤ ਹੁੰਦੀ ਹੈ ਕਿ ਸੰਗਤ ਸਾਡੀ ਕਲਾ ਤੋਂ ਖੁਸ਼ ਹੋ ਕੇ ਸਾਨੂੰ ਮਾਇਆ ਦੇਵੇਗੀ। ਪਰ ਨਾ ਤਾਂ ਮਾਇਆ ਹੀ ਮਿਲਦੀ ਹੈ ਅਤੇ ਨਾ ਹੀ ਪ੍ਰਭੂ ਮਿਲਦਾ ਹੈ। ਕਿਉਂਕਿ ਇਹ ਜੋ ਕੀਰਤਨ ਕਰਦੇ ਹਨ, ਉਹ ਪ੍ਰਭੂ ਵਾਸਤੇ ਨਹੀਂ ਕਰਦੇ। ਪ੍ਰਭੂ ਵਾਸਤੇ ਕੀਰਤਨ ਉਹ ਹੈ ਜੋ ਸੈਨ ਨਾਈ ਨੇ ਕੀਤਾ, ਜਾਂ ਜਿਸ ਤਰ੍ਹਾਂ ਭਗਤ ਨਾਮਦੇਵ ਜੀ ਨੇ ਕੀਤਾ, ਪ੍ਰਭੂ ਸਾਹਮਣੇ ਸਮਝ ਕੇ ਬੇਨਤੀ ਕੀਤੀ (ਹਸਤ ਖੇਲਤ ਤੇਰੇ ਦੇਹੁਰੇ ਆਇਆ। *ਭਗਤਿ ਕਰਤ ਨਾਮਾ ਪਕਰਿ ਉਠਾਇਆ। ਹੀਨੜੀ ਜਾਤਿ ਮੇਰੀ ਜਾਦਿਮ ਰਾਇਆ। ਛੀਪੇ ਕੇ ਜਨਮ ਮੋਕਉ ਕਾਹੇ ਕਉ ਆਇਆ। ਰਹਾਉ। ਲੈ ਕਮਲੀ ਚਲਿਓ ਪਲਟਾਇ। ਦੇਹੁਰੇ ਪਾਛੈ ਬੈਠਾ ਜਾਇ। ਜਿਉਂ ਜਿਉਂ ਨਾਮਾ ਹਰਿ ਗੁਣ ਉਚਰੈ। ਭਗਤਿ ਜਨਾਂ ਕੌ ਦੇਹੁਰਾ ਫਿਰੈ।* ਭੈਰਉ ਨਾਮਦੇਵ ਜੀ (1164)) ਐਸੇ ਭਰੇ ਹੋਏ ਮਨ ਨਾਲ ਗਾਇਆ ਕਿ ਪ੍ਰਭੂ ਨੇ ਮੰਦਰ ਦਾ ਮੂੰਹ ਘੁਮਾ ਕੇ ਨਾਮਦੇਵ ਵੱਲ ਕਰ ਦਿੱਤਾ। ਇਸ ਨੂੰ ਕਹਿੰਦੇ ਹਨ ਪ੍ਰਭੂ ਕੀਤਰਨ।

ਮੁਆਫ਼ ਕਰਨਾ ਅਸੀਂ ਤਾਂ ਸਾਰੇ ਹੀ ਬੜੇ ਤਾਨ ਪਲਦੇ ਮਾਰਦੇ ਹਾਂ ਤੇ ਬੜਾ ਜ਼ੋਰ ਲਾਉਂਦੇ ਹਾਂ, ਪਰ ਸਰੋਤੇ ਹੈਰਾਨ ਹੋ ਕੇ ਦੇਖਦੇ ਹਨ ਤੇ ਸੋਚਦੇ ਹਨ ਕਿ ਰਾਗੀਆਂ ਨੂੰ ਕੀ ਹੋ ਗਿਆ ਹੈ। ਜਿਹੜੇ ਵੱਡੇ ਵੱਡੇ ਰਾਗੀ ਤੇ ਪ੍ਰੋਫੈਸਰ ਅਤੇ ਪ੍ਰਿੰਸੀਪਲ ਆਪ ਨੂੰ ਅਖਵਾਉਂਦੇ ਹਨ। ਕੀ ਉਨ੍ਹਾਂ ਨੇ ਕਦੇ ਆਪਣੇ ਅੰਦਰ ਝਾਤੀ ਮਾਰੀ ਹੈ ਕਿ ਕਦੇ ਸਾਡਾ ਮਨ ਪ੍ਰਭੂ ਨਾਲ ਜੁੜਿਆ ਹੈ। ਕੀ ਕਦੇ ਕੀਰਤਨ ਕਰਨ ਵੇਲੇ ਤੁਹਾਨੂੰ ਪ੍ਰਭੂ ਦੇ ਜਾਂ ਗੁਰੂ ਨਾਨਕ ਦੇ ਦਰਸ਼ਨ ਹੋਏ ਹਨ। ਕੀਰਤਨ ਵੇਲੇ ਕਦੇ ਸਾਡੇ ਨਾਲ ਕੋਈ ਕੁਦਰਤ ਦਾ ਕ੍ਰਿਸ਼ਮਾ ਵਾਪਰਿਆ ਹੈ। ਜੇ ਐਸਾ ਕੁਝ ਨਹੀਂ ਹੋਇਆ ਤਾਂ ਸਾਡੇ ਇਹ ਰਾਗ ਗਾਉਣੇ ਤੇ ਤਾਨ ਪਲਟੇ ਲਾਉਣੇ ਅਤੇ ਬੜੇ ਬੜ ਸਾਜ਼ ਲੈ ਕੇ ਬਹਿਣਾ ਤੇ ਸਿਰਫ਼ ਰਾਗਾਂ ਦੀ ਥਿਊਰੀ ਹੀ ਗਾਈ ਜਾਣੀ ਇਹ ਸਭ ਬੇਕਾਰ ਤੇ ਨਿਸਫਲ ਹੈ। ਫਿਰ ਚੰਗੇ ਚੰਗੇ ਰਾਗੀ ਸਿੰਘ ਜਿਨ੍ਹਾਂ ਦਾ ਬੜਾ ਨਾਮ ਹੈ, ਇਸ ਵਕਤ ਇਨ੍ਹਾਂ ਵਿਚੋਂ ਕੋਈ ਗੁਲਾਮ ਅਲੀ ਦੀ ਨਕਲ ਕਰਦਾ ਹੈ, ਤੇ ਕੋਈ ਮਹਿੰਦੀ ਹਸਨ ਦੀ ਨਕਲ ਕਰਦਾ ਹੈ, ਕੋਈ ਫਤਹਿ ਅਲੀ ਖਾਂ ਦੀ ਨਕਲ ਕਰਦਾ ਹੈ, ਕੋਈ ਫਿਲਮੀ ਤਰਜ਼ਾਂ ਦੀ ਨਕਲ ਕਰਦਾ ਹੈ। ਪਰ ਮੇਰੇ ਵੀਰੋ ਮੁਆਫ਼ ਕਰਨਾ, ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਸਾਰੇ ਗੁਰੂ ਸਾਹਿਬ ਅਤੇ ਜਿਤਨੇ ਭਗਤ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਹਨ, ਇਹ ਸਾਰੇ ਹੀ ਕੀਰਤਨੀਏ ਸਨ। ਪਰ ਉਨ੍ਹਾਂ ਦੇ ਸਮੇਂ ਨਾ ਤਾਂ ਕੋਈ ਗੁਲਾਮ ਅਲੀ ਸੀ, ਨਾ ਕੋਈ ਮਹਿੰਦੀ ਹਸਨ ਸੀ, ਨਾ ਕੋਈ ਫਤਹਿ ਅਲੀ ਖਾਂ ਸੀ ਅਤੇ ਨਾ ਹੀ ਫਿਲਮੀ ਤਰਜ਼ਾਂ ਸਨ। ਪਰ ਫਿਰ ਵੀ ਉਨ੍ਹਾਂ ਮਹਾਂਪੁਰਸ਼ਾਂ ਦੇ ਕੀਰਤਨ ਦਾ ਪ੍ਰਭਾਵ ਸਾਰੀ ਸ੍ਰਿਸ਼ਟੀ 'ਤੇ ਪਿਆ। ਸਭ ਜੀਵ ਜੰਤਾਂ ਤੇ ਪਿਆ ਤੇ ਪ੍ਰਭੂ ਨਾਲ ਉਨ੍ਹਾਂ ਨੇ ਮਿਲਾਪ ਵੀ ਕੀਤਾ ਤੇ ਪ੍ਰਭੂ ਦੇ ਦਰਸ਼ਨ ਵੀ ਕੀਤੇ। ਪਰ ਅਸੀਂ ਇਤਨੇ ਸਾਜ਼ ਵਜਾ ਕੇ ਵੀ, ਬੜੇ ਰਾਗ ਗਾ ਕੇ ਵੀ, ਅਧੂਰੇ ਦੇ ਅਧੂਰੇ ਹਾਂ ਅਤੇ ਪ੍ਰਭੂ ਦਰਸ਼ਨਾਂ ਤੋਂ ਵਾਂਝੇ ਹਾਂ। ਇਹ ਮੇਰੇ ਸਾਰੇ ਰਾਗੀ ਵੀਰ ਮਨ ਦੀ ਪੜਚੋਲ ਕਰਨ, ਮਨ ਅੰਦਰ ਝਾਤੀ ਮਾਰਨ। ਸਤਿਗੁਰ ਜੀ ਫੁਰਮਾਨ ਕਰਦੇ ਹਨ :

ਮਨ ਤੂੰ ਜੋਤ ਸਰੂਪ ਹੈ, ਆਪਣਾ ਮੂਲ ਪਛਾਣੁ ॥
(ਆਸਾ ਮ: 3, ਪੰਨਾ 441)

ਨੋਟ: ਮੇਰੇ ਵੀਰ ਜਿਤਨੇ ਵੀ ਰਾਗੀ ਸਿੰਘ ਹਨ, ਮੇਰਾ ਇਹ ਲੇਖ ਖਾਸ ਕਰਕੇ ਰਾਗੀ ਸਿੰਘਾਂ ਨੂੰ ਮੁਖਾਤਿਬ ਹੈ ਅਤੇ ਇਸ ਲੇਖ ਵਿਚ ਮੈਂ ਕੁਝ ਕੌੜੀਆਂ ਗੱਲਾਂ ਵੀ ਕਈਆਂ ਹਨ। ਸੋ ਮੇਰੇ ਵੀਰ ਰਾਗੀ ਸਿੰਘ ਇਹ ਨਾ

ਸਮਝਣ ਕਿ ਮੈਂ ਤੁਹਾਡੇ ਸਭ 'ਤੇ ਨੁਕਤਾਚੀਨੀ ਕਰ ਰਿਹਾ ਹਾਂ। ਪਰ ਮੇਰੇ ਵੀਰੋ ਮੈਂ ਵੀ ਤੁਹਾਡੇ ਵਿਚੋਂ ਹੀ ਹਾਂ। ਮੈਂ ਸਭ ਰਾਗੀ ਸਿੰਘਾਂ ਦੇ ਚਰਨਾਂ ਦੀ ਖਾਕ ਹਾਂ। ਕਿਉਂਕਿ ਤੁਹਾਡੇ ਸਭ ਦੇ ਜੂਠੇ ਭੋਰੇ ਚੁਣ ਕੇ ਹੀ ਮੈਂ ਰਾਗੀ ਬਣਿਆ ਹਾਂ। ਮੈਂ ਤਾਂ ਆਪ ਹੀ ਬਹੁਤ ਅਨਜਾਣ ਹਾਂ ਕੀਰਤਨ ਅਤੇ ਸੁਰ ਸੰਗੀਤ ਤੋਂ। ਆਪ ਤਾਂ ਬਹੁਤ ਸਿਆਣੇ, ਤੇ ਸੁਰੀਲੇ ਰਾਗੀ ਸਿੰਘ ਹੋ। ਮੈਂ ਤਾਂ ਘਰ ਵਿਹਲਾ ਹੀ ਬੈਠਾ ਹਾਂ ਅਤੇ ਨਾ ਹੀ ਕੋਈ ਸਭਾ ਮੈਨੂੰ ਪ੍ਰੋਗਰਾਮ ਹੀ ਦਿੰਦੀ ਹੈ। ਇਸ ਲਈ ਮੈਂ ਹੰਕਾਰ ਨਹੀਂ ਕਰਦਾ ਕਿ ਮੈਂ ਕਾਮਯਾਬ ਰਾਗੀ ਹਾਂ। ਇਸ ਲਈ ਜੋ ਗੱਲ ਮੈਂ ਇਸ ਲੇਖ ਵਿਚ ਕਹੀ ਹੈ, ਇਹ ਜ਼ਰੂਰੀ ਨਹੀਂ ਕਿ ਇਹ ਗੱਲ ਸਭ 'ਤੇ ਢੁਕਦੀ ਹੋਵੇ। ਪਰ ਇਸ ਵਿਚ ਬਹੁਤਾਤ ਐਸੇ ਹੀ ਰਾਗੀ ਸਿੰਘਾਂ ਦੀ ਹੈ, ਜਿਨ੍ਹਾਂ 'ਤੇ ਇਹ ਲੇਖ ਢੁਕਦਾ ਹੈ ਅਤੇ ਇਨ੍ਹਾਂ ਵਿਚ ਮੈਂ ਖੁਦ ਵੀ ਸ਼ਾਮਲ ਹਾਂ। ਸੋ ਇਸ ਲਈ ਆਪਣੇ ਉਤੇ ਅਤੇ ਹੋਰ ਸਭ ਰਾਗੀ ਸਿੰਘ ਭਰਾਵਾਂ 'ਤੇ ਤਰਸ ਆਉਂਦਾ ਹੈ, ਤਾਂ ਇਹ ਲੇਖ ਲਿਖਿਆ ਹੈ। ਆਸ ਹੈ ਸਭ ਰਾਗੀ ਸਿੰਘ ਮੈਨੂੰ ਮੁਆਫ਼ ਕਰਨਗੇ। ਪਰ ਜਿਵੇਂ ਇਹ ਅਖਾਣ ਹੈ ਕਿ ਬੱਚਾ ਗੱਲ ਕਰੇ, ਤੇ ਸਿਆਣਾ ਕਿਆਸ ਕਰੇ। ਸੋ ਮੇਰੀਆਂ ਗੱਲਾਂ 'ਤੇ ਤੁਸੀਂ ਕਿਆਸ ਕਰਨਾ ਕਿ ਮੈਂ ਕੀ ਕਹਿਣਾ ਚਾਹੁੰਦਾ ਹਾਂ। ਇਸ ਗੱਲ 'ਤੇ ਧਿਆਨ ਦੇਣਾ। ਫਿਰ ਵੀ ਕਿਸੇ ਨੇ ਇਸ ਵਿਸ਼ੇ 'ਤੇ ਮੇਰੇ ਨਾਲ ਵਿਚਾਰ ਵਟਾਂਦਰਾ ਕਰਨਾ ਹੋਵੇ ਤਾਂ ਦਾਸ ਸਵਾਗਤ ਕਰੇਗਾ।

ਆਪ ਸਭ ਰਾਗੀ ਸਿੰਘਾਂ ਦਾ ਦਾਸ

425, ਸਿਮਰਨ ਨਿਵਾਸ, ਗਲੀ ਨੰ; 1
ਨਿਊ ਬਸੰਤ ਵਿਹਾਰ, ਕਾਕੋ ਵਾਲ ਰੋਡ, ਲੁਧਿਆਣਾ
ਮੋਬਾਈਲ 94632 44912

Challenges are tough to those
who never face them but
Easy to those accept them.

▲▲▲▲▲▲▲

Often when we lose all hope &
think this is the end,
God smiles from above & says...
Relax dear its just a bend... not the end.

▲▲▲▲▲▲▲

Be satisfied with life but
unsatisfied with the results u produce..
Thats the best way to keep growing &
to discover your hidden potential.

*With best compliments from a wellwisher*

# 20ਵੀਂ ਸਦੀ ਵਿਚ ਪੰਜਾਬ ਵਿਚ ਸ਼ਾਸਤਰੀ ਸੰਗੀਤ ਦੇ ਪਾਸਾਰ ਵਿਚ ਪੰਡਿਤ ਕੁੰਜ ਲਾਲ ਜੀ ਦਾ ਯੋਗਦਾਨ

ਸ਼੍ਰੀਮਤੀ ਰਮਨਦੀਪ ਕੌਰ

ਆਜ਼ਾਦੀ ਘੁਲਾਟੀਆਂ ਵਿਚ ਜੇਕਰ ਕਿਸੇ ਸੰਗੀਤਕਾਰ ਦਾ ਨਾਮ ਲਿਆ ਜਾਵੇ ਤਾਂ ਪੰਡਿਤ ਕੁੰਜ ਲਾਲ ਜੀ ਦਾ ਨਾਮ ਸਭ ਤੋਂ ਪਹਿਲਾਂ ਸਾਹਮਣੇ ਆਉਂਦਾ ਹੈ। ਪੰਡਿਤ ਕੁੰਜ ਲਾਲ ਦਾ ਜਨਮ 1899 ਦੇ ਲਗਭਗ ਪਿੰਡ ਨੂਰਮਹਿਲ ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਮ ਪੰਡਿਤ ਗੁਰੂ ਪ੍ਰਸਾਦ ਅਤੇ ਮਾਤਾ ਦਾ ਨਾ ਠਾਕੁਰੀ ਦੇਵੀ ਸੀ। ਆਪ ਦੇ ਖਾਨਦਾਨ ਵਿਚ ਅਧਿਆਤਮਿਕਤਾ ਨਾਲ ਜੁੜੇ ਲੋਕ ਸਨ ਜੋ ਵਧੇਰੇ ਕਰਕੇ ਸੰਤ ਮਹਾਤਮਾ ਅਤੇ ਜਯੋਤਿਸ਼ੀ ਸਨ।

**ਸੰਗੀਤ ਸਿੱਖਿਆ :**

ਪੰਡਿਤ ਕੁੰਜ ਲਾਲ ਜੀ ਨੂੰ ਬਚਪਨ ਤੋਂ ਹੀ ਸੰਗੀਤ ਸਿੱਖਣ ਦਾ ਸ਼ੌਂਕ ਰਿਹਾ। ਆਪ ਦੇ ਪੜਦਾਦਾ ਉਘੇ ਜੋਤਸ਼ੀ ਸਨ ਅਤੇ ਉਨ੍ਹਾਂ ਨੂੰ ਵੀ ਸੰਗੀਤ ਨਾਲ ਬਹੁਤ ਹੀ ਲਗਾਉ ਸੀ। ਆਪ ਦੇ ਪਿਤਾ ਪੰਡਿਤ ਗੁਰੂ ਪ੍ਰਸਾਦ ਨੂੰ ਵੀ ਸੰਗੀਤ ਨਾਲ ਮੋਹ ਸੀ ਪ੍ਰੰਤੂ ਆਪ ਦੇ ਪਿਤਾ ਨਹੀਂ ਸਨ ਚਾਹੁੰਦੇ ਕਿ ਮੇਰਾ ਬੇਟਾ ਸੰਗੀਤ ਖੇਤਰ ਨਾਲ ਜੁੜੇ। ਫਿਰ ਵੀ ਆਪ ਨੇ ਆਪਣੇ ਸ਼ੌਂਕ ਨੂੰ ਧਿਆਨ ਵਿਚ ਰੱਖਦੇ ਹੋਏ 10 ਸਾਲ ਦੀ ਉਮਰ ਵਿਚ ਮੀਆਂ ਰੰਗ ਰਸ ਪਾਸੋਂ ਸੰਗੀਤ ਦੀ ਸਿੱਖਿਆ ਦਾ ਆਰੰਭ ਕੀਤਾ। ਆਪਦੇ ਪਿਤਾ ਇਸ ਗੱਲ ਨੂੰ ਚੰਗਾ ਨਹੀਂ ਸਮਝਦੇ ਸਨ ਕਿ ਉਨ੍ਹਾਂ ਦਾ ਪੁੱਤਰ ਕਿਸੇ ਮੁਸਲਮਾਨ ਪਾਸੋਂ ਸਿੱਖਿਆ ਪ੍ਰਾਪਤ ਕਰੇ। ਇਸ ਤੋਂ ਬਾਅਦ ਕਿਸੇ ਦੇ ਦੱਸਣ ’ਤੇ ਹੀ ਆਪ ਨੇ ਗੋਸੁਆਮੀ ਭਗਵਤ ਕਿਸ਼ੋਰ ਦਿੱਲੀ ਵਾਲਿਆਂ ਪਾਸੋਂ ਸਿੱਖਿਆ ਲੈਣ ਦਾ ਮਨ ਬਣਾਇਆ ਅਤੇ ਨੂਰਮਹਿਲ ਤੋਂ ਦਿੱਲੀ ਤੱਕ ਪੈਦਲ ਹੀ ਅਨੇਕ ਕਠਿਨਾਈਆਂ ਦਾ ਸਾਹਮਣਾ ਕਰਦੇ ਹੋਏ ਪਹੁੰਚੇ। ਇਥੇ ਇਕ ਸਾਲ ਤੱਕ ਸਿੱਖਿਆ ਲੈਣ ਤੋਂ ਬਾਅਦ ਵਾਪਸ ਨੂਰਮਹਿਲ ਆ ਗਏ। ਇਸ ਤੋਂ ਬਾਅਦ ਆਪ ਨੇ ਗੰਧਰਵ ਮਹਾਂਵਿਦਿਆਲਿਆ ਲਾਹੌਰ ਵਿਖੇ ਪੰਡਿਤ ਉਂਕਾਰ ਨਾਥ ਠਾਕੁਰ ਜੀ ਤੋਂ ਗੰਢਾਬੰਧਨ ਤਹਿਤ ਸੰਗੀਤ ਦੀ ਸਿੱਖਿਆ ਲੈਣੀ ਆਰੰਭ ਕੀਤੀ ਅਤੇ ਲਗਾਤਾਰ ਦੋ ਸਾਲ ਤੱਕ ਸਿੱਖਣ ਉਪਰੰਤ ਵਾਪਸ ਨੂਰਮਹਿਲ ਆ ਗਏ। ਇਸ ਸਮੇਂ ਦੌਰਾਨ ਆਪ ਦੀ ਮਿੱਤਰਤਾ ਉਸਤਾਦ ਬਹਾਦਰ ਸਿੰਘ ਅਤੇ ਪੰਡਿਤ ਦਲੀਪ ਚੰਦਰ ਬੇਦੀ ਵਰਗੀਆਂ ਸਖਸ਼ੀਅਤਾਂ ਨਾਲ ਰਹੀ। ਇਸ ਸਮੇਂ ਹੀ ਆਪ ਵਿਆਹ ਦੇ ਬੰਧਨ ਵਿਚ ਬੱਝੇ ਅਤੇ ਸਭ ਤੋਂ ਪਹਿਲਾਂ ਆਪਣੀ ਪਤਨੀ ਨੂੰ ਸੰਗੀਤ ਦੀ ਸਿੱਖਿਆ ਦਿੱਤੀ ਜੋ ਕਿ ਸੰਗੀਤ ਪ੍ਰਤੀ ਸਨੇਹ ਰੱਖਣ ਵਾਲੀ ਇਸਤਰੀ ਸੀ।

**ਆਜ਼ਾਦੀ ਲਹਿਰ ਵਿਚ ਸੰਗੀਤ ਪ੍ਰਚਾਰਕ ਵਜੋਂ :**

ਪੰਡਿਤ ਕੁੰਜ ਲਾਲ ਦਾ ਨਾਮ ਆਜ਼ਾਦੀ ਲਹਿਰ ਦੀਆਂ ਉਨ੍ਹਾਂ ਸਖਸ਼ੀਅਤਾਂ ਵਿਚ ਲਿਆ ਜਾਂਦਾ ਹੈ ਜਿਨ੍ਹਾਂ ਨੇ ਭਾਰਤ ਨੂੰ ਆਜ਼ਾਦ ਕਰਵਾਉਣ ਵਿਚ ਮਹੱਤਵਪੂਰਨ ਯੋਗਦਾਨ ਦਿੱਤਾ। ਜਿਸ ਸਮੇਂ ਆਪ ਜੀ ਪੰਡਿਤ ਉਂਕਾਰ ਨਾਥ ਠਾਕੁਰ ਪਾਸੋਂ ਸਿੱਖਿਆ ਪ੍ਰਾਪਤ ਕਰਕੇ ਵਾਪਸ ਨੂਰਮਹਿਲ ਪਹੁੰਚੇ ਤਾਂ ਉਸ ਸਮੇਂ ਆਜ਼ਾਦੀ ਲਹਿਰ ਨੇ ਜ਼ੋਰ ਫੜਿਆ ਹੋਇਆ ਸੀ। ਆਜ਼ਾਦੀ ਦੀ ਲਹਿਰ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਆਪ ਨੇ ਆਜ਼ਾਦੀ ਲਹਿਰ ਵਿਚ ਦੇਸ਼ ਭਗਤੀ ਦੇ ਗੀਤ ਗਾਏ ਅਤੇ ਲੋਕਾਂ ਨੂੰ ਸੰਗੀਤ ਰਾਹੀਂ ਜਾਗਰਿਤ ਕਰਨ ਦਾ ਯਤਨ ਕੀਤਾ ਅਤੇ ਅਨੇਕ ਮੁਜ਼ਾਹਰਿਆਂ ਵਿਚ ਹਿੱਸਾ ਲਿਆ। ਇਸ ਦਾ ਨਤੀਜਾ ਸੀ ਕਿ ਆਪ ਜੀ ਨੂੰ ਦੋ ਤਿੰਨ ਵਾਰ ਜੇਲ੍ਹ ਵੀ ਜਾਣਾ ਪਿਆ। ਆਪ ਇਕ ਸੱਚੇ ਦੇਸ਼ ਭਗਤ ਸਨ ਅਤੇ ਦੇਸ਼ ਭਗਤੀ ਦੇ ਜਜ਼ਬੇ ਨੂੰ ਕਾਇਮ ਰੱਖਦੇ ਹੋਏ ਆਪ ਨੇ ਇਕ ਲੈਅਕਾਰੀ ਵਿਚ ‘ਜੈ ਹਿੰਦ’ ਸ਼ਬਦ ਦੀ ਵਰਤੋਂ ਕੀਤੀ।

ਤਿੰਨ ਤਾਲਃ

ਤਿਟਧਾਨਧਾ ਧਿੰਤਿਰਕਟਤਕ ਧਿੰਤਿਰਕਟਤਕ ਤਿਰਕਟਤਕਧਾ ਤਕੜਾਨਧਾ ਜੈਹਿੰਦ

ਧਿੰਤਿਰਕਟਤਕ ਧਿੰਤਿਰਕਟਤਕ ਰਿਕਟਤਕਧਾ ਤਕੜਾਨਧਾ ਜੈਹਿੰਦ

ਧਿੰਤਿਰਕਟਤਕ ਧਿੰਤਿਰਕਟਤਕ ਤਿਰਕਟਤਕਤਾ ਜੈਹਿੰਦ

ਵਾਗੇਆਕਾਰ ਦੇ ਰੂਪ ਵਿਚ :

ਪੰਡਿਤ ਕੁੰਜ ਲਾਲ ਜੀ ਨੇ ਇਕ ਵਾਗੇਆਕਾਰ ਦੇ ਰੂਪ ਵਿਚ ਅਨੇਕ ਸ਼ਾਸਤਰੀ ਗਾਇਨ ਬੰਦਿਸ਼ਾਂ, ਭਜਨ, ਸ਼ਬਦ, ਆਜ਼ਾਦੀ ਦੇ ਗੀਤਾਂ ਅਤੇ ਬੰਦਿਸ਼ਾਂ ਦੀ ਰਚਨਾ ਕੀਤੀ। ਆਪ ਨੇ ਇਕ ਬੰਦਿਸ਼ ਸ੍ਰੀ ਵਿਸ਼ਣੂ ਦਿਗੰਬਰ ਪਲੂਸਕਰ ਜੀ ਨੂੰ ਸਮਰਪਿਤ ਕੀਤੀ :

ਰਾਗ ਸ਼ੰਕਰਾ :

ਸਥਾਈ : ਅਮਰ ਰਹੇ ਸ਼੍ਰੀ ਵਿਸ਼ਣੂ ਦਿਗੰਬਰ

ਕਲਾਵੰਤ ਗੰਧਰਵ ਬੇਦ ਗਿਆਨੀ

ਜਿਨਕੀ ਕਿਰਤੀ ਹੈ ਜਗ ਮਾਹੇਂ

ਆਪ ਦੀਆਂ ਬੰਦਿਸ਼ਾਂ ਦੀ ਰਚਨਾ ਦਾ ਮੁੱਖ ਵਿਸ਼ਾ ਅਧਿਆਤਮਿਕਤਾ ਅਤੇ ਭਗਤੀ ਭਾਵਨਾ ਰਿਹਾ ਹੈ। ਆਪ ਇਕ ਦੇਸ਼ ਭਗਤ ਦੇ ਨਾਲ ਨਾਲ ਇਕ ਸਫ਼ਲ ਵਾਗੇਆਕਾਰ ਵੀ ਸਨ।

ਗੁਰੂ ਦੇ ਰੂਪ ਵਿਚ :

ਆਪ ਨੇ ਆਪਣੇ ਜੀਵਨ ਵਿਚ ਅਨੇਕ ਵਿਦਿਆਰਥੀਆਂ ਨੂੰ ਬਿਨਾਂ ਕਿਸੇ ਲੋਭ ਲਾਲਚ ਤੋਂ ਸਿੱਖਿਆ ਦਿੱਤੀ। ਆਪ ਦੇ ਵਿਦਿਆਰਥੀਆਂ ਵਿਚੋਂ ਬਹੁ ਗਿਣਤੀ ਵਿਦਿਆਰਥੀ ਗਰੀਬ ਪਰਿਵਾਰਾਂ ਵਿਚੋਂ ਸਨ। ਆਪ ਦੇ ਪਰਿਵਾਰ ਦੇ ਲਗਭਗ ਸਾਰੇ ਵਿਅਕਤੀ ਸੰਗੀਤ ਦੇ ਖੇਤਰ ਵਿਚ ਹਨ। ਆਪ ਦੇ ਨੌਂ ਸੰਤਾਨਾਂ ਹਨ ਜਿਨ੍ਹਾਂ ਵਿਚ ਸ਼ਾਰਦਾ ਭਾਰਦਵਾਜ, ਕਰੁਨਾ ਭਾਰਤਵਾਜ, ਪੰਡਿਤ ਮਨੋਹਰ ਲਾਲ, ਸਵ: ਕ੍ਰਿਸ਼ਨਕਾਂਤ (ਗਾਇਨ) ਪੰਡਿਤ ਰਮਾਕਾਂਤ (ਤਬਲਾ ਵਾਦਕ), ਸ੍ਰੀ ਲਾਲ (ਨਾਰਵੇ) ਪੰਡਿਤ ਖਰੈਤੀ ਰਾਮ ਮੁੱਖ ਹਨ ਜੋ ਆਪ ਜੀ ਵੱਲੋਂ ਚਲਾਏ ਗਏ ਅਭਿਆਨ ਦੀ ਰਹਿਨੁਮਾਈ ਕਰ ਰਹੇ ਹਨ। ਆਪ ਦੇ ਸਪੁੱਤਰ ਸ੍ਰੀ ਰਮਾਕਾਂਤ ਅਨੁਸਾਰ ਆਪ ਜੀ ਨੂੰ ਸੰਗੀਤ ਦੇ ਖੇਤਰ ਨਾਲ ਜੁੜੇ ਹੋਣ ਕਰਕੇ ਲੋਕਾਂ ਨੇ ਸੰਗੀਤਾਚਾਰੀਆ ਕਹਿਣਾ ਸ਼ੁਰੂ ਕਰ ਦਿੱਤਾ ਜੋ ਕਿ ਆਪ ਦੀ ਸਖਸ਼ੀਅਤ ਦੇ ਅਨੁਰੂਪ ਹੈ।

ਪ੍ਰਦਰਸ਼ਨ ਕਰਤਾ ਵਜੋਂ :

ਪੰਡਿਤ ਕੁੰਜ ਲਾਲ ਜੀ ਨੇ ਜਿਥੇ ਬਹੁ ਗਿਣਤੀ ਵਿਦਿਆਰਥੀਆਂ ਨੂੰ ਸੰਗੀਤ ਦੀ ਸਿੱਖਿਆ ਦਿੱਤੀ, ਉਥੇ ਅਨੇਕ ਸੰਗੀਤ ਸੰਮੇਲਨਾਂ ਵਿਚ ਸੰਗੀਤ ਕਲਾ ਦਾ ਪ੍ਰਦਰਸ਼ਨ ਕਰਕੇ ਸਰੋਤਿਆਂ ਦੀ ਵਾਹ-ਵਾਹ ਖੱਟੀ। ਆਪ ਨੇ ਦੇਸ਼ ਦੇ ਵੱਖ ਵੱਖ ਖੇਤਰਾਂ ਤੋਂ ਬਿਨਾਂ ਮੁੱਖ ਰੂਪ ਵਿਚ ਹਰਿਵੱਲਭ ਸੰਗੀਤ ਸੰਮੇਲਨ, ਬਸੰਤ ਮੇਲਾ ਹੁਸ਼ਿਆਰਪੁਰ, ਹੋਲੀ ਸੰਗੀਤ ਸੰਮੇਲਨ ਅੰਮ੍ਰਿਤਸਰ ਵਿਖੇ ਪ੍ਰਦਰਸ਼ਨ ਕੀਤਾ। ਆਪ ਦੇ ਮਨਪਸੰਦ ਰਾਗ ਮਾਲਕੌਂਸ, ਸ਼ੰਕਰਾ, ਗੁਜਰੀ ਤੋਂੜੀ, ਦਰਬਾਰੀ ਰਹੇ ਜਿਨ੍ਹਾਂ ਵਿਚ ਆਪ ਸ਼ਾਸਤਰੀ ਸੰਗੀਤ ਦੀਆਂ ਖਿਆਲ ਅਤੇ ਧਰੁਪਦ ਸ਼ੈਲੀਆਂ ਦਾ ਗਾਇਨ ਕਰਦੇ ਰਹੇ।

ਪੰਡਿਤ ਕੁੰਜ ਲਾਲ ਪੰਜਾਬੀ ਸੰਗੀਤਕਾਰਾਂ ਵਿਚੋਂ ਬਹੁਤ ਹੀ ਸੰਗੀਤ ਪ੍ਰੇਮੀ, ਦੇਸ਼ ਭਗਤ ਕਲਾਕਾਰ ਸਨ। ਆਪ ਨੇ ਆਪਣੇ ਅੰਤਿਮ ਸਾਹ ਲੈਣ ਤੋਂ ਪਹਿਲਾਂ ਵੀ ਇਹ ਹੀ ਕਿਹਾ ਕਿ ਮੇਰੇ ਮਰਨ ਤੋਂ ਕਿਰਿਆ ਕ੍ਰਮ ਨਾ ਕਰਿਓ ਸਿਰਫ਼ ਗਾਇਓ ਅਤੇ ਵਜਾਇਓ। ਸੰਗੀਤ ਦੇ ਖੇਤਰ ਨਾਲ ਸਬੰਧਿਤ ਦੇਸ਼ ਭਗਤ ਪੰਡਿਤ ਕੁੰਜ ਲਾਲ 25 ਫਰਵਰੀ 1972 ਨੂੰ ਪ੍ਰਮਾਤਮਾ ਦੀ ਗੋਦ ਵਿਚ ਜਾ ਬੈਠੇ।

*ਸੰਗੀਤ ਅਧਿਆਪਕਾ, ਨਾਨਕਸਰ ਅਕੈਡਮੀ, ਪਾਤੜਾਂ (ਪਟਿਆਲਾ)*

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ‘ਜਯ ਹੋ’ ਵਾਲਾ ਸੰਗੀਤਕਾਰ ਏ.ਆਰ. ਰਹਿਮਾਨ

ਡਾ. ਨਿਵੇਦਿਤਾ ਸਿੰਘ

ਵਿਸ਼ਵ ਦੇ ਸਾਰੇ ਦੇਸ਼ਾਂ ਦੀਆਂ ਸੁੰਗੜਦੀਆਂ ਸਰਹੱਦਾਂ ਨੇ ਦੁਨੀਆਂ ਭਰ ਦੇ ਸੱਭਿਆਚਾਰ ਅਤੇ ਕਲਾਵਾਂ ਨੂੰ ਇਕ ਦੂਸਰੇ ਨਾਲ ਘੁਲਣ ਮਿਲਣ ਦਾ ਮੌਕਾ ਦਿੱਤਾ ਹੈ। ਭਾਰਤੀ ਸੰਗੀਤ ਨੇ ਆਰੰਭ ਤੋਂ ਹੀ ਸੰਗੀਤਕ ਸੰਸ਼ਲੇਸ਼ਣ ਦੀ ਪ੍ਰਕਿਰਿਆ ਨੂੰ ਅਪਣਾਇਆ ਹੈ। ਸੰਗੀਤਕ ਮਿਸ਼ਰਣ ਦੇ ਦੌਰ ਵਿਚੋਂ ਗੁਜ਼ਰਦਿਆਂ ਅਨੇਕ ਫਿਲਮੀ ਸੰਗੀਤਕਾਰਾਂ, ਜਿਵੇਂ ਸ਼ੰਕਰ ਜੈ ਕਿਸ਼ਨ, ਆਰ.ਡੀ. ਬਰਮਨ, ਭੱਪੀ ਲਹਿਰੀ, ਅਨੂੰ ਮਲਿਕ ਆਦਿ ਨੇ ਪੱਛਮੀ ਸੰਗੀਤ ਦਾ ਪ੍ਰਭਾਵ ਲੈ ਕੇ ਧੁਨਾਂ ਬਣਾਈਆਂ ਅਤੇ ਫਿਲਮੀ ਜਗਤ ਨੂੰ ਨਵਾਂ ਜਾਮਾ ਪਹਿਨਾਇਆ। ਭਾਰਤੀ ਫਿਲਮੀ ਸੰਗੀਤ ਦਾ ਸਚਮੁੱਚ ਵਿਸ਼ਵੀਕਰਨ ਕਰਨ ਵਾਲਾ ਅਤੇ ਇਸ ਲਈ ਪਲੇਠਾ ਆਸਕਰ ਐਵਾਰਡ ਪ੍ਰਾਪਤ ਕਰਨ ਵਾਲਾ ਪਹਿਲਾ ਸੰਗੀਤਕਾਰ ਏ.ਆਰ. ਰਹਿਮਾਨ ਹੈ।

ਏ.ਆਰ ਰਹਿਮਾਨ ਦਾ ਪਹਿਲਾ ਨਾਮ ਏ.ਐਸ. ਦਲੀਪ ਕੁਮਾਰ ਹੈ। ਉਸ ਦੇ ਪਿਤਾ ਆਰ.ਐਸ. ਸ਼ੇਖਰ ਮਲਿਆਲੀ ਫਿਲਮਾਂ ਲਈ ਧੁਨਾਂ ਬਣਾਉਂਦੇ ਅਤੇ ਹੋਰ ਸੰਗੀਤ ਨਿਰਦੇਸ਼ਕਾਂ ਦੀਆਂ ਧੁਨਾਂ ਲਈ ਸੰਗੀਤ ਤਿਆਰ ਕਰਦੇ ਸਨ। ਜਦੋਂ ਰਹਿਮਾਨ ਦੀ ਉਮਰ ਅਜੇ ਕੇਵਲ 9 ਸਾਲ ਦੀ ਸੀ ਤਾਂ ਉਹ ਸਵਰਗ ਸਿਧਾਰ ਗਏ। ਇਕਲੌਤਾ ਪੁੱਤਰ ਹੋਣ ਨਾਤੇ ਨਿੱਕੀ ਉਮਰੇ ਹੀ ਰਹਿਮਾਨ ਦੇ ਮੋਢਿਆਂ ’ਤੇ ਪਰਿਵਾਰ ਦਾ ਬੋਝ ਆਣ ਪਿਆ। ਨੌਜਵਾਨੀ ਦੀ ਅੱਲ੍ਹੜ ਉਮਰੇ ਹੀ ਰਹਿਮਾਨ ਦੱਖਣ ਭਾਰਤੀ ਫਿਲਮਾਂ ਦੇ ਪ੍ਰਸਿੱਧ ਸੰਗੀਤਕਾਰ ਇਲਾਈਰਾਜਾ ਦੇ ਸੰਗੀਤ ਆਰਕੈਸਟਰਾ ਵਿਚ ਕੀ ਬੋਰਡ ਵਾਦਕ ਵਜੋਂ ਸ਼ਾਮਲ ਹੋ ਗਿਆ। ਨਤੀਜੇ ਵਜਹੋਂ 16 ਸਾਲ ਦੀ ਉਮਰ ਵਿਚ ਉਸ ਨੂੰ ਪੜ੍ਹਾਈ ਛੱਡਣੀ ਪਈ। ਸੰਗੀਤ ਰਹਿਮਾਨ ਦੇ ਖ਼ੂਨ ਵਿਚ ਸੀ। ਆਪਣੀ ਪ੍ਰਤਿਭਾ ਅਤੇ ਮਿਹਨਤ ਸਦਕਾ ਉਸਨੂੰ ਕਈ ਆਰਕੈਸਟਰਾ-ਸਮੂਹਾਂ ਨਾਲ ਕੰਮ ਕਰਦਿਆਂ ਵਿਦੇਸ਼ ਜਾਣ ਦਾ ਅਵਸਰ ਮਿਲਿਆ, ਜਿਸ ਨੇ ਉਸਦੇ ਸੰਗੀਤਕ ਅਨੁਭਵ ਵਿਚ ਵਿਸ਼ਾਲ ਵਾਧਾ ਕੀਤਾ। ਇਸੇ ਦੌਰਾਨ ਟ੍ਰਿਨਿਟੀ ਕਾਲਜ ਆਫ਼ ਮਿਊਜ਼ਿਕ, ਆਕਸਫੋਰਡ ਯੂਨੀਵਰਸਿਟੀ ਤੋਂ ਸਕਾਲਰਸ਼ਿਪ ਹਾਸਲ ਕਰਕੇ ਉਸਨੇ ਪੱਛਮੀ ਸ਼ਾਸਤਰੀ ਸੰਗੀਤ ਵਿਚ ਡਿਗਰੀ ਵੀ ਹਾਸਲ ਕੀਤੀ। 1987 ਵਿਚ ਟੈਲੀਵਿਯਨ ਇਸ਼ਤਿਹਾਰਾਂ ਲਈ ਉਸਨੇ ਸੰਗੀਤ ਦੇਣਾ ਸ਼ੁਰੂ ਕੀਤਾ ਅਤੇ ਪੰਜ ਸਾਲ ਦੇ ਵਕਫੇ ਵਿਚ 300 ਤੋਂ ਵੱਧ ਇਸ਼ਤਿਹਾਰਾਂ ਲਈ ਸੰਗੀਤ ਰਚਨਾ ਕੀਤੀ। 1991 ਦਾ ਸਾਲ ਉਸਦੇ ਜੀਵਨ ਲਈ ਅਤਿ ਸੁਭਾਗਾ ਸਾਬਤ ਹੋਇਆ, ਜਦੋਂ ਪ੍ਰਸਿੱਧ ਫਿਲਮ ਨਿਰਦੇਸ਼ਕ ਮਣੀ ਰਤਨਮ ਨੇ ਰਹਿਮਾਨ ਦੀ ਕਾਬਲੀਅਤ ਨੂੰ ਪਛਾਣਦੇ ਹੋਏ ਆਪਣੀ ਫਿਲਮ ‘ਰੋਜ਼ਾ’ ਲਈ ਉਸਨੂੰ ਸੰਗੀਤ ਨਿਰਦੇਸ਼ਕ ਵਜੋਂ ਚੁਣ ਲਿਆ। ਰੋਜ਼ਾ ਦੀਆਂ ਮਿੱਠੀਆਂ ਅਤੇ ਤਾਜ਼ਗੀ ਭਰੀਆਂ ਧੁਨਾਂ ਨੇ ਪੂਰੇ ਭਾਰਤ ਵਿਚ ਹਲਚਲ ਮਚਾ ਦਿੱਤੀ ਅਤੇ ਰਹਿਮਾਨ ਨੂੰ ਇਕ ਤੋਂ ਬਾਅਦ ਇਕ ਫਿਲਮਾਂ ਮਿਲਣ ਲੱਗੀਆਂ।

ਰਹਿਮਾਨ ਦਾ ਸੰਗੀਤ ਬਾਹਰੋਂ ਆਧੁਨਿਕ ਪਰਿਵੇਸ਼ ਵਾਲਾ ਹੈ, ਪਰ ਅੰਦਰੋਂ ਇਹ ਪੂਰੀ ਤਰ੍ਹਾਂ ਪਰੰਪਰਾ ਵਿਚ ਰੰਗਿਆ ਹੋਇਆ ਹੈ। ਉਸ ਨੇ ਭਾਰਤੀ ਪਰੰਪਰਾਗਤ ਸੰਗੀਤ, ਜਿਵੇਂ ਸ਼ਾਸਤਰੀ, ਸੂਫ਼ੀ ਅਤੇ ਲੋਕ ਸੰਗੀਤ ਨੂੰ ਨਵੇਂ ਲਹਿਜੇ ਵਿਚ ਇਉਂ ਪੇਸ਼ ਕੀਤਾ ਹੈ ਕਿ ਉਨ੍ਹਾਂ ਵਿਚ ਤਾਜ਼ਗੀ ਆ ਗਈ ਹੈ ਅਤੇ ਨਵੀਂ ਪੀੜ੍ਹੀ ਇਸ ਨੂੰ ਸਹਿਜੇ ਹੀ ਗ੍ਰਹਿਣ ਕਰ ਰਹੀ ਹੈ। ਰਹਿਮਾਨ ਨੇ ਸੰਗੀਤ ਦੀ ਰਚਨਾ ਅਤੇ ਰਿਕਾਰਡਿੰਗ ਵਿਚ ਅੱਜ ਵਰਤੀ ਜਾਣ ਵਾਲੀ ਅੱਤ ਵਿਕਸਿਤ ਤਕਨੀਕ ਦੀ ਵੀ ਬਹੁਤ ਹੀ ਸੁਯੋਗ ਵਰਤੋਂ ਕੀਤੀ ਹੈ। ਉਸ ਨੇ ਇਸ ਭ੍ਰਾਂਤੀ ਨੂੰ ਗਲਤ ਸਿੱਧ ਕਰ ਦਿੱਤਾ ਹੈ ਕਿ ਅਤਿ ਆਧੁਨਿਕ ਤਕਨਾਲੋਜੀ ਦੇ ਆਗਮਨ ਨੇ ਸੰਗੀਤ ਦਾ ਮਲੀਆਮੇਟ ਕਰ ਦਿੱਤਾ ਹੈ। ਚੇਨਈ ਸਥਿਤ ਰਹਿਮਾਨ ਦਾ ਸਟੂਡਿਓ, ਜਿਸ ਦਾ ਨਾਮ ‘ਦੀ ਪੰਚਾਥਨ ਰਿਕਾਰਡਿੰਗ ਇੰਨ’ ਹੈ, ਭਾਰਤ ਦਾ ਸਭ ਤੋਂ ਵੱਧ

ਆਧੁਨਿਕ ਤਕਨਾਲੋਜੀ ਨਾਲ ਲੈਸ ਸਟੂਡੀਓ ਹੈ। ਤਕਨਾਲੋਜੀ ਨੂੰ ਬਹੁਤ ਚੰਗੀ ਤਰ੍ਹਾਂ ਸਮਝ ਕੇ ਉਸ ਨੇ ਇਸ ਦਾ ਭਰਪੂਰ ਪ੍ਰਯੋਗ ਆਪਣੇ ਗੀਤਾਂ ਦੀ ਸੰਰਚਨਾ, ਧੁਨਾ ਬਣਾਉਣ, ਰਿਕਾਰਡਿੰਗ ਕਰਨ ਅਤੇ ਫਿਰ ਮਿਕਸਿੰਗ ਅਤੇ ਸੰਪਾਦਨਾ ਲਈ ਕੀਤਾ ਹੈ। ਰਹਿਮਾਨ ਗੀਤਾਂ ਨੂੰ ਧੁਨਾਂ ਵਿਚ ਢਾਲਣ ਤੋਂ ਇਲਾਵਾ, ਉਨ੍ਹਾਂ ਵਿਚਲੇ ਮਧਿਆਂਤਰਾਂ ਲਈ ਸੰਗੀਤ ਤਿਆਰ ਕਰਨ, ਆਵਾਜ਼ ਦੇ ਉੱਚੇ ਨੀਵੇਂ ਪਨ ਵਿਚ ਸੰਤੁਲਨ ਕਾਇਮ ਕਰਨ ਜਿਹੇ ਕੰਮਾਂ ਤੋਂ ਲੈ ਕੇ ਰਿਕਾਰਡਿੰਗ ਅਤੇ ਮਿਕਸਿਗ ਵੀ ਆਪਣੀ ਦੇਖ-ਰੇਖ ਵਿਚ ਕਰਦਾ ਹੈ। ਇਕ ਪੂਰਨਤਾਵਾਦੀ ਸੰਗੀਤ ਨਿਰਦੇਸ਼ਕ ਹੋਣ ਨਾਤੇ, ਉਹ ਆਪਣੇ ਕੰਮ ਵਿਚ ਪੂਰਨ ਸੰਪੰਨਤਾ ਚਾਹੁੰਦਾ ਹੈ, ਜਿਸ ਨੂੰ ਪ੍ਰਾਪਤ ਕਰਨ ਲਈ ਉਹ ਸਖਤ ਮਿਹਨਤ ਵਿਚੋਂ ਲੰਘਦਾ ਹੈ।

ਰਹਿਮਾਨ ਦਾ ਸੰਗੀਤ ਵਿਵਿਧ ਨੁਹਾਰ ਵਾਲਾ ਹੈ, ਜਿਸ ਦੀ ਰਚਨਾ, ਉਹ ਸਿੰਥੇਸਾਈਜ਼ਰ ’ਤੇ ਕਰਦਾ ਹੈ, ਪਰ ਇਸ ਸੰਗੀਤ ਦੀ ਆਤਮਾ ਭਾਰਤੀ ਹੈ। ਪਰੰਪਰਾ ਅਤੇ ਨਵੀਨਤਾ ਦਾ ਅਦੁਭੱਤ ਸੁਮੇਲ ਉਸ ਦੀਆਂ ਸੰਗੀਤ ਲਹਿਰੀਆਂ ਵਿਚੋਂ ਮਿਲਦਾ ਹੈ। ‘ਚਲ ਛਈਆਂ -ਛਈਆਂ’ ਗੀਤ ਵਿਚ ਪੱਛਮੀ ਲੈਅ ਅਤੇ ਲੋਕ ਸੰਗੀਤ ਦਾ ਮੇਲ, ‘ਰੰਗ ਦੇ ਬਸੰਤੀ’ ਦੀਆਂ ਧੁਨਾਂ ਵਿਚ ਨੌਜਵਾਨ ਵਰਗ ਦੀ ਮਾਨਸਿਕਤਾ ਦੀ ਝਲਕ, ‘ਤਾਲ’ ਵਿਚ ਕਲਾ ਦੇ ਆਤਮਕ ਅਤੇ ਵਪਾਰਕ ਦੋਹਾਂ ਰੂਪਾਂ ਦੀ ਨਿਸ਼ਾਨਦੇਹੀ (ਤਰਜ਼ਮਾਨੀ) ਕਰਦਾ ਸੰਗੀਤ, ‘ਕਭੀ ਨੀਮ-ਨੀਮ’ (ਯੁਵਾ), ‘ਬਰਸੋ ਰੇ ਮੇਘਾ’ (ਗੁਰੂ), ‘ਦਿਲ ਹੈ ਛੋਟਾ ਸਾ’ (ਰੋਜ਼ਾ), ਵਰਗੇ ਇਸਤਰੀ ਭਾਵਾਂ ਦੀ ਬੜੇ ਨਿਰਛਲ ਅਤੇ ਭੋਲੇ ਅੰਦਾਜ਼ਾਂ ਵਿਚ ਤਰਜ਼ਮਾਨੀ ਕਰਦੇ ਗੀਤ ਹਨ।

ਰਹਿਮਾਨ ਦਾ ਅੰਤਰਮਨ ਰੂਹਾਨੀ ਸੰਗੀਤ ਵਿਚ ਜੁੜਿਆ ਹੋਇਆ ਹੈ। ਉਹ ਆਪਣੀਆਂ ਧੁਨਾਂ ਦੀ ਰਚਨਾ ਪੂਰੀ ਇਕੱਲਤਾ ਵਿਚ ਈਸ਼ਵਰ ਅੱਗੇ ਸਜਦੇ ਦੇ ਰੂਪ ਵਿਚ ਕਰਦਾ ਹੈ। ਉਸ ਦਾ ਕੰਮ ਕਰਨ ਦਾ ਸਮਾਂ ਰਾਤ ਵੇਲੇ ਦਾ ਹੈ, ਪਰ ਉਸ ਦੀ ਕਲਾ-ਕੌਸ਼ਲਤਾ ਅੱਗੇ ਸਾਰੇ ਫਿਲਮ-ਨਿਰਦੇਸ਼ਕ ਐਨੇ ਨਤਮਸਤਕ ਹਨ ਕਿ ਉਹ ਉਸ ਨਾਲ ਰਾਤ ਨੂੰ ਕੰਮ ਕਰਨ ਲਈ ਵੀ ਤਿਆਰ ਹਨ। ਉਸ ਦਾ ਅੰਤਰਮਨ ਨਿਰਮਲ ਅਤੇ ਨਿਰਛਲ ਹੈ, ਜੋ ਉਸ ਦੀ ਕੋਮਲ ਮੁਸਕਾਨ ਵਿਚ ਝਲਕਦਾ ਹੈ। ਉਸ ਦੁਆਰਾ ਗਾਈ ਫਿਲਮ ‘ਯੋਧਾ ਅਕਬਰ’ ਦੀ ਕੱਵਾਲੀ ‘ਖ਼ਵਾਜਾ ਮੇਰੇ ਖ਼ਵਾਜਾ’ ਇਸੇ ਸਵੱਛਤਾ ਅਤੇ ਨਿਰਮਲਤਾ ਦਾ ਪ੍ਰਤੀਕ ਹੈ।

ਰਹਿਮਾਨ ਦੀਆਂ ਪ੍ਰਾਪਤੀਆਂ ਉਸ ਦੀ ਅਸਧਾਰਣ ਪ੍ਰਤਿਭਾ ਅਤੇ ਸਖ਼ਤ ਮਿਹਨਤ ਦਾ ਹੀ ਨਤੀਜਾ ਹਨ। ‘ਸਲੱਮਡਾਗ ਮਿਲੀਨੇਅਰ’ ਸ਼ੇਖਰ ਕਪੂਰ ਦੀ ‘ਦ ਗੋਲਡਨ ਏਜ਼’ ਤੋਂ ਬਾਅਦ ਉਸ ਦੀ ਦੂਜੀ ਵੱਡੀ ਪੱਛਮੀ ਫਿਲਮ ਹੈ। ਇਸ ਫਿਲਮ ਦੇ ਗੀਤ ‘ਜਯ ਹੋ’ ਲਈ ਉਸ ਨੂੰ 11 ਜਨਵਰੀ 2009 ਦੀ ਰਾਤ ਨੂੰ 66ਵੇਂ ਸਾਲਾਨਾ ਗੋਲਡਨ ਗਲੋਬ ਐਵਾਰਡਾਂ ਦੇ ਵੱਡੇ ਸਮਾਗਮ ਵਿਚ ਕੈਲੀਫੋਰਨੀਆ ਵਿਖੇ ਗੋਲਡਨ ਗਲੋਬ ਐਵਾਰਡ ਪ੍ਰਦਾਨ ਕੀਤਾ ਗਿਆ। ਇਸ ਫਿਲਮ ਦੇ ਨਿਰਦੇਸ਼ਕ ਡੈਨੀ ਬੋਇਲ ਅਤੇ ਨਿਰਮਾਤਾ ਪਾਲ ਸਮਿੱਥ ਹਨ। ਇਸ ਤੋਂ ਬਾਅਦ ਫਰਵਰੀ ਵਿਚ ਹੋਏ ਬਾਫਟਾਂ ਐਵਾਰਡ ਯਾਨਿ ‘ਬ੍ਰਿਟਿਸ਼ ਅਕੈਡਮੀ ਆਫ ਫਿਲਮ ਐਂਡ ਟੈਲੀਵਿਯਨ ਆਰਟਸ’ ਲੰਡਨ ਦੇ ਸਮਾਰੋਹ ਵਿਚ ਵੀ ਇਸੇ ਫਿਲਮ ਦੇ ਸੰਗੀਤ ਨੂੰ ਉੱਤਮ ਸੰਗੀਤ ਦਾ ਐਵਾਰਡ ਹਾਸਲ ਹੋਇਆ। ਭਾਰਤੀ ਫਿਲਮ ਸੰਗੀਤ ਅਤੇ ਸਮੁੱਚੇ ਭਾਰਤੀਆਂ ਲਈ ਮਾਣਮੱਤੇ ਪਲ ਉਦੋਂ ਆਏ, ਜਦੋਂ ਫਿਲਮੀ ਦੁਨੀਆਂ ਦੇ ਸਰਬ ਉਚ ਐਵਾਰਡ ‘ਆਸਕਰ’ ਨਾਲ ਰਹਿਮਾਨ ਨੂੰ ਇਸੇ ਫਿਲਮ ਦੇ ਉਤਮ ਸੰਗੀਤ ਨਿਰਦੇਸ਼ਨ ਲਈ ਅਤੇ ਸਭ ਤੋਂ ਬਿਹਤਰੀਨ ਗਾਣੇ ‘ਜਯ ਹੋ’ ਦੇ ਸੰਗੀਤ ਲਈ ਦੋ ਆਸਕਰ ਐਵਾਰਡਾਂ ਨਾਲ ਫਰਵਰੀ ਮਹੀਨੇ ਹੀ ਨਿਵਾਜਿਆ ਗਿਆ। ਇਨ੍ਹਾਂ ਐਵਾਰਡਾਂ ਰਾਹੀਂ ਰਹਿਮਾਨ ਦੀ ਅਚੂਕ ਕਲਾਕਾਰੀ ਨੂੰ ਵਿਸ਼ਵ ਭਰ ਵਿਚ ਪਛਾਣ ਮਿਲੀ ਹੈ। ਇਹ ਵੱਖਰੀ ਗੱਲ ਹੈ ਕਿ ਰਹਿਮਾਨ ਇਸ ਫਿਲਮ ਤੋਂ ਪਹਿਲਾਂ ਹੀ ਸੰਗੀਤ ਦੀਆਂ ਬੁਲੰਦੀਆਂ ਸਰ ਕਰ ਚੁੱਕਾ ਹੈ। ਰੋਜ਼ਾ ਫਿਲਮ ਤੋਂ ਲੈ ਕੇ ਫਿਲਮ ਰੰਗੀਲਾ, ਦਿਲ ਸੇ, ਤਾਲ, ਪੁਕਾਰ, ਫਿਜ਼ਾ, ਜ਼ੁਬੈਦਾ, ਲਗਾਨ, ਸਾਥੀਆ, ਯੁਵਾ, ਸਵਦੇਸ, ਕਿਸਨਾ, ਮੰਗਲ ਪਾਂਡੇ, ਰੰਗ ਦੇ ਬਸੰਤੀ, ਗੁਰੂ, ਜੋਧਾ ਅਕਬਰ, ਯੁਵਰਾਜ, ਜਾਨੇ ਤੂੰ ਯਾ ਜਾਨੇ ਨਾ, ਗਜਨੀ ਅਤੇ ਸਲੱਮਡਾਗ ਮਿਲੀਨੇਅਰ ਤੱਕ ਉਸ ਦੀ ਸੰਗੀਤਕ ਵਿਦਵਤਾ ਅਤੇ ਮਹਾਨਤਾ ਦੇ ਦਰਸ਼ਨ ਸਹਿਜੇ ਹੀ ਹੁੰਦੇ ਹਨ।

5059, ਅਰਬਨ ਅਸਟੇਟ-1, ਪਟਿਆਲਾ

# ਤੂੰਬੀ ਸਾਜ਼ ਦੀ ਵਾਦਨ ਵਿਧੀ

ਤੰਤੀ ਸਾਜਾਂ ਵਿਚੋਂ ਮਕਬੂਲੀਅਤ ਹਾਸਲ ਕਰ ਚੁੱਕਾ ਪ੍ਰਾਚੀਨ ਅਤੇ ਦੇਸੀ ਸਾਜ਼ ਤੂੰਬੀ ਹੈ। ਪੰਜਾਬੀ ਲੋਕ ਸੰਗੀਤ ਦੇ ਗੀਤਾਂ ਨਾਲ ਉਂਗਲ ਦੀ ਟੁਣਕਾਰ ਨਾਲ ਵੱਜਣ ਵਾਲਾ ਸਾਜ਼ ਅਜ ਵਰਤਮਾਨ ਸਮੇਂ ਤੂੰਬੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਆਕਾਰ ਪੱਖੋਂ ਸਭ ਤੋਂ ਛੋਟਾ ਸੁਰੀਲੀ ਟੁਣਕਾਰ ਇਸ ਸਾਜ਼ ਨੂੰ ਬਾਕੀ ਵੰਨਗੀਆਂ ਨਾਲੋਂ ਅਲੱਗ ਕਰ ਦਿੰਦੀ ਹੈ। ਸੰਗੀਤ ਵਿਗਿਆਨੀ ਇਸ ਸਾਜ਼ ਨੂੰ ਤੱਤ ਸਾਜ਼ਾਂ ਦੇ ਵਰਗ ਵਿਚ ਰਖਦੇ ਹਨ। ਇਸ ਸਾਜ਼ ਦਾ ਪ੍ਰਚਲਨ ਡੇਢ ਕੁ ਸੌ ਸਾਲ ਪੁਰਾਣਾ ਹੈ, ਇਸ ਦਾ ਪਿੱਛਾ ਪੁਰਾਤਨ ਪੰਜਾਬ (ਪਾਕਿਸਤਾਨ) ਦਸੀਂਦਾ ਹੈ।

***ਤੂੰਬੀ ਸਾਜ਼ ਦੀ ਰੂਪ ਰੇਖਾ:***

ਤੂੰਬੀ ਦੀ ਬਨਾਵਟ ਅਤੇ ਅੰਗਾਂ ਦੇ ਆਕਾਰ ’ਤੇ ਸਭ ਤੋਂ ਪਹਿਲਾਂ ਹਰਾ ਕੱਦੂ (ਲੌਕੀ) ਜਿਸ ਨੂੰ ਸੁਕਾ ਕੇ ਅੰਦਰੋਂ ਖਾਲੀ ਕਰ ਲਿਆ ਜਾਂਦਾ ਹੈ। ਫਿਰ ਕੱਦੂ ਦੇ ਮੂੰਹ ਨੂੰ ਗੋਲਾ ਆਕਾਰ ਵਿਚ ਕੱਟ ਕੇ ਮੂੰਹ ਉਤੇ ਪਤਲੀ, ਸੁੱਕੀ, ਸਾਫ, ਪਤਲੀ ਖੱਲ ਨਾਲ ਮੜ੍ਹ ਲਿਆ ਜਾਂਦਾ ਹੈ। ਇਹ ਖੱਲ ਆਮ ਕਰਕੇ ਮੇਮਣੇ ਦੀ ਹੁੰਦੀ ਹੈ। ਤੂੰਬੀ ਦੇ ਮੁੱਖ ਅੰਗ ਤਾਰ, ਛੱਲਾ, ਘੋੜੀ, ਡੰਡੀ ਅਤੇ ਕਿੱਲੀ ਹਨ। ਮੂੰਹ ਉਤੇ ਲੱਗਣ ਵਾਲੀ ਖੱਲ ਦਾ ਆਕਾਰ ਤਿੰਨ ਜਾਂ ਸਵਾ ਤਿੰਨ ਇੰਚ ਹੁੰਦਾ ਹੈ। ਕੱਦੂ ਥੋੜ੍ਹੇ ਵੱਡੇ ਅਤੇ ਛੋਟੇ ਆਕਾਰ ਵਿਚ ਵੀ ਸੁਕਾਏ ਜਾਂਦੇ ਹਨ। ਹਰ ਤੂੰਬੀ ਦੀ ਬਨਾਵਟ ਆਪਣੀ ਵੱਖਰੀ ਹੁੰਦੀ ਹੈ। ਸੁੱਕੀ ਪੱਕੀ, ਗੋਲ ਟਾਹਲੀ ਦੀ ਡੰਡੀ ਨੂੰ ਤੂੰਬੇ ਦੇ ਖੋਲ ਵਿਚ ਦੋਵੇਂ ਪਾਸੇ ਸੁਰਾਖ ਕੱਡ ਕੇ ਆਰ-ਪਾਰ ਕਰਕੇ ਵਿਚ ਪੱਕਾ ਕੀਤਾ ਜਾਂਦਾ ਹੈ, ਤਾਂ ਕਿ ਉਹ ਡੰਡੀ ਕਦੇ ਵੀ ਹਿੱਲੇ ਨਾ। ਤੂੰਬੀ ਦੀ ਡੰਡੀ ਦੀ ਕੁਲ ਲੰਬਾਈ ਬਨਾਵਟ ਦੇ ਅਨੁਸਾਰ ਅਠਾਰਾਂ ਜਾਂ ਉੱਨੀ ਕੁ ਇੰਚ ਦੀ ਹੁੰਦੀ ਹੈ। ਤੂੰਬੇ ਵਿਚੋਂ ਲੰਘਾਏ ਪਤਲੇ ਸਿਰੇ ਉਤੇ ਤਾਰ ਨੂੰ ਬੰਨ੍ਹ ਕੇ ਇਸ ਨੂੰ ਮੜ੍ਹੀ ਹੋਈ ਤੂੰਬੀ ਦੇ ਮੂੰਹ ਉਤੇ ਹਾਥੀ ਦੰਦ ਜਾਂ ਲੱਕੜ ਦੀ ਬਣੀ ਨਿੱਕੀ ਘੋੜੀ ਉਤੋਂ ਦੀ ਡੰਡੀ ਦੇ ਦੂਸਰੇ ਸਿਰੇ ਉਤੇ ਲੱਗੀ ਕਿੱਲੀ ਜਾਂ ਖੂੰਟੀ ਵਿਚ ਪਰੋ ਕੇ ਕਸਿਆ ਜਾਂਦਾ ਹੈ। ਦੋਵੇਂ ਸਿਰਿਆਂ ਉਤੇ ਬੰਨ੍ਹੀ ਹੋਈ ਤਾਰ ਘੋੜੀ ਦੇ ਉਤੋਂ ਦੀ ਜਦੋਂ ਕਸੀ ਜਾਂਦੀ ਹੈ ਤਾਂ ਇਸ ਵਿਚੋਂ ਸੁਰ ਕੀਤੀ ਹੋਈ ਸੁਰੀਲੀ ਆਵਾਜ਼ ਸੁਣਾਈ ਦਿੰਦੀ ਹੈ, ਜਿਸ ਦੀ ਟੁਣਕਾਰ ਨਾਲ ਮਨਮੋਹਕ ਮਾਹੌਲ ਆਪੇ ਹੀ ਸਿਰਜ ਜਾਂਦਾ ਹੈ।

***ਤੂੰਬੀ ਸਾਜ਼ ਦੀ ਵਾਦਨਵਿਧੀ***


ਤੂੰਬੇ ਦੇ ਨਾਲ ਡੰਡੀ ਦੇ ਸ਼ੁਰੂ ਵਿਚ ਹੀ ਤੂੰਬੀ ਦਾ ਵਾਦਨ ਸਥਾਨ ਹੈ। ਤੂੰਬੀ ਦਾ ਵਾਦਕ ਆਮ ਕਰਕੇ ਸੱਜੇ ਹੱਥ ਦੀ ਪਹਿਲੀ ਉਂਗਲ (ਤਰਜਨੀ) ਨਾਲ ਇਸ ਸਥਾਨ ਉਤੇ ਟੁਣਕਾਰ ਮਾਰਦਾ ਹੈ। ਤੂੰਬੀ ਦੀ ਆਵਾਜ਼ ਨੂੰ ਸੁਰ ਪ੍ਰਦਾਨ ਕਰਨ ਲਈ ਡੰਡੀ ਦੇ ਦੂਸਰੇ ਸਿਰੇ ਉਤੇ ਦੂਜੇ ਹੱਥ ਨਾਲ ਪਹਿਲੀਆਂ ਤਿੰਨ ਉਂਗਲਾਂ ਅਤੇ ਕਦੇ ਕਦੇ ਚੌਥੀ ਚੀਚੀ ਨਾਲ ਤਾਰ ਨੂੰ ਡੰਡੀ ਉਤੇ ਦਬਾਅ ਕੇ ਵੱਖ-ਵੱਖ ਸੁਰਾਂ ਕੱਢੀਆਂ ਜਾਂਦੀਆਂ ਹਨ। ਤੂੰਬੀ ਦੀ ਟੁਣਕਾਰ ਦੁਆਰਾ ਦਿੱਤੀ ਲੈਅ, ਸਬੰਧਿਤ ਧੁਨ ਦਾ ਤਾਲ ਸਿਰਜਣ ਵਿਚ ਸਹਾਈ ਹੁੰਦੀ ਹੈ ਅਤੇ ਸੁਰਾਂ ਸਬੰਧਿਤ ਧੁਨ ਨੂੰ ਪੈਦਾ ਕਰਦੀਆਂ ਹਨ। ਹਰ ਤੂੰਬੀ ਵਾਦਕ ਦਾ ਤੂੰਬੀ ਵਜਾਉਣ ਦਾ ਅਲੱਗ ਢੰਗ ਹੁੰਦਾ ਹੈ। ਕੋਈ ਦੁਗਣ, ਤਿਗੁਣ ਵਿਚ ਤੂੰਬੀ ਦੇ ਦੋਨੋਂ ਬਾਹਵਾਂ ਉੱਚੀਆਂ ਕਰ ਕੇ ਲਹਿਰਾ ਵਜਾਉਂਦੇ ਹਨ। ਤੂੰਬੀ ਦਾ ਤਿੱਖਾ ਸੁਰ ਲੋਕ-ਧੁਨਾਂ ਨੂੰ ਸਪਸ਼ਟ ਰੂਪ ’ਚ ਕੱਢਣ ਦੇ ਸਮਰੱਥ ਹੈ। ਤੂੰਬੀ ਦੀ ਲੰਬਾਈ ਇਕ ਤਾਰੀਏ, ਦੋ ਤਾਰੀਏ ਅਤੇ ਕਿੰਗ ਸਾਜ਼ ਨਾਲੋਂ ਘੱਟ ਹੋਣ ਕਰਕੇ ਆਵਾਜ਼ ਵਿਚ ਸਪਸ਼ਟਤਾ ਉੱਚੀ ਅਤੇ ਤਿੱਖੀ ਸੁਣਾਈ ਦਿੰਦੀ ਹੈ। ਢੁਕਵੀਂ ਤੇਜ਼ ਲੈਅ ਵਾਲੀਆਂ ਲੋਕ ਧੁਨਾਂ ਵਿਚ ਤੂੰਬੀ ਆਪਣਾ ਯੋਗ ਸਥਾਨ ਰਖਦੀ ਹੈ।

ਤੂੰਬੀ ਸਮਰਾਟ ਉਸਤਾਦ ਲਾਲ ਚੰਦ ਯਮਲਾ ਜੱਟ ਦੇ ਨਾਮ ਤੂੰਬੀ ਕਰਕੇ ਹੀ ਸਦਾ ਸੁਨਹਿਰੀ ਅੱਖਰਾਂ ਵਿਚ

ਲਿਖਿਆ ਜਾਂਦਾ ਰਹੇਗਾ। ਤੂੰਬੀ ਨੂੰ ਇਜ਼ਾਦ ਕਰਨ ਵਾਲਾ ਪੰਜਾਬੀ ਲੋਕ ਗਾਇਕੀ ਨੂੰ ਤੂੰਬੀ ਨਾਲ ਗਾਉਣ ਵਾਲਾ ਇਹ ਪੰਜਾਬ ਦਾ ਪਹਿਲਾ ਕਲਾਕਾਰ ਸੀ। ਤੂੰਬੀ ਉਤੇ ਗਾਉਣ ਵਾਲੇ ਲੋਕ ਗਾਇਕ ਇਸ ਸਾਜ਼ ਨੂੰ ਖੁਦ ਹੀ ਵਜਾਉਂਦੇ ਹਨ। ਸੁਰ ਦਾ ਪੱਕਾ ਸੁਰੀਲਾ ਗਾਇਕ ਹੀ ਇਸ ਨੂੰ ਵਜਾ ਕੇ ਆਪਣੀ ਗਾਇਕੀ ਨੂੰ ਪੇਸ਼ ਕਰ ਸਕਦਾ ਹੈ। ਇਸ ਸਾਜ਼ ਦੇ ਵਾਦਨ ਨਾਲ ਪੰਜਾਬੀ ਲੋਕ ਸੰਗੀਤ ਦੀ ਗਾਇਕੀ ਦੇ ਅੰਤਰਾਲਾਂ ਵਿਚ ਵੱਜਣ ਵਾਲੀਆਂ ਲੋਕ ਸੁਰਾਵਲੀਆਂ ਪੰਜਾਬੀ ਲੋਕ ਸੰਗੀਤ ਦੀ ਮੌਲਿਕਤਾ ਦਾ ਪ੍ਰਤੀਕ ਹਨ। ਤੂੰਬੀ ਦੀ ਗਾਇਕੀ ਨਾਲ ਵੱਜਣ ਵਾਲੇ ਹੋਰ ਸਾਜ਼ਾਂ ਵਿਚੋਂ ਅਲਗੋਜ਼ੇ ਤੂੰਬੀ ਨਾਲ ਆਪਣੀ ਮੁੱਖ ਭੂਮਿਕਾ ਨਿਭਾਉਂਦੇ ਹਨ। ਢੋਲਕ, ਚਿਮਟਾ, ਖੰਜਰੀ ਅਤੇ ਘੜਾ ਆਦਿ ਤਾਲ ਸਾਜ਼ ਤੂੰਬੀ ਦੀ ਗਾਇਕੀ ਗਾਉਣ ਵਾਲੇ ਗਾਇਕਾਂ ਨੂੰ ਤਾਲ ਪ੍ਰਦਾਨ ਕਰਕੇ ਗਾਇਕੀ ਦੇ ਰੂਹਾਨੀ ਦਰਸ਼ਨ ਕਰਾਉਂਦੇ ਹਨ।

ਤੂੰਬੀ ਵਜਾਉਣ ਵਾਲਾ ਹਰ ਕਲਾਕਾਰ ਆਪਣੀ ਤੂੰਬੀ ਨੂੰ ਬਾਖੂਬੀ ਸਜਾਉਂਦਾ ਹੈ। ਤੂੰਬੀ ਵਾਦਕ ਤੂੰਬੀ ਉਤੇ ਆਪਣਾ ਨਾਮ ਤਕ ਪੇਂਟ ਕਰਵਾਉਂਦੇ ਹਨ। ਤੂੰਬੀ ਨੂੰ ਸਜਾਉਣਾ ਵੀ ਇਕ ਕਲਾ ਹੈ। ਉਨ ਦੇ ਫੁੰਮਣ ਤੇ ਪਲਾਸਟਿਕ ਦੇ ਫੁੱਲ ਬਣਾ ਕੇ ਲਟਕਾਏ ਜਾਂਦੇ ਹਨ। ਪੰਜਾਬ ਦੇ ਮੇਲਿਆਂ, ਅਖਾੜਿਆਂ, ਧਾਰਮਿਕ ਦੀਵਾਨਾਂ ਅਤੇ ਹੋਰ ਵਿਆਹ ਸ਼ਾਦੀਆਂ ਦੇ ਪ੍ਰੋਗਰਾਮਾਂ ਵਿਚ ਇਸ ਸਾਜ਼ ਦਾ ਵਾਦਨ ਆਮ ਸੁਣਨ ਨੂੰ ਮਿਲਦਾ ਹੈ। ਪੱਛਮੀ ਸਾਜ਼ਾ ਦੀ ਆਮਦ ਸਦਕਾ ਭਾਵੇਂ ਹੋਰ ਸਾਜ਼ ਅਲੋਪ ਹੋ ਗਏ ਹੋਣ ਪਰ ਜਦੋਂ ਤੱਕ ਪੰਜਾਬੀ ਲੋਕ ਸੰਗੀਤ ਜਿਉਂਦਾ ਹੈ ਹੀਰ-ਰਾਂਝਾ, ਸੱਸੀ-ਪੁੰਨੂ, ਮਿਰਜਾ-ਸਾਹਿਬਾ, ਦੀਆਂ ਲੋਕ ਕਥਾਵਾਂ ਤੂੰਬੀ ਸਾਜ਼ ਦੇ ਨਾਲ ਹੀ ਗਾਈਆਂ ਵਜਾਈਆਂ ਜਾਂਦੀਆਂ ਰਹਿਣਗੀਆਂ ਅਤੇ ਅਜ ਵਰਤਮਾਨ ਸਮੇਂ ਵਿਚ ਅਤੇ ਆਉਣ ਵਾਲੇ ਸਮੇਂ ਵਿਚ ਵੀ ਇਸ ਸਾਜ਼ ਦਾ ਬੋਲਬਾਲਾ ਜਰੂਰ ਹੋਵੇਗਾ।

ਮੁਖੀ, ਸੰਗੀਤ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ



# ਰਾਗੀ ਜਥਾ : ਭਾਈ ਗੁਰਮੁੱਖ ਸਿੰਘ - ਭਾਈ ਸੁਰਮੁਖ ਸਿੰਘ

ਡਾ. ਜਾਗੀਰ ਸਿੰਘ

ਭਾਈ ਗੁਰਮੱਖ ਸਿੰਘ ਫੱਕਰ, ਭਾਈ ਸੁਰਮੱਖ ਸਿੰਘ ਫੱਕਰ ਦਾ ਰਾਗੀ ਜਥਾ ਰਬਾਬੀ ਪਰੰਪਰਾ ਨਾਲ ਸਬੰਧ ਰਖਦਾ ਸੀ। ਦੋਵਾਂ ਭਰਾਵਾਂ ਨੂੰ ਇਹਨਾਂ ਦੇ ਪਿਤਾ ਨੇ ਸਿੰਘ ਸਜਾਇਆ ਸੀ। ਉਸ ਵੇਲੇ ਉਸ ਨੂੰ ਇਹਨਾਂ ਦੇ ਸਿੰਘ ਸਜਾਉਣ ਕਰਕੇ ਬਰਾਦਰੀ ਵਿਚੋਂ ਵੀ ਛੇਕ ਦਿੱਤਾ ਗਿਆ ਪਰ ਉਸ ਨੇ ਆਪ ਵੀ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ ਅਤੇ ਆਪਣੇ ਇਹਨਾਂ ਪੁੱਤਰਾਂ ਕੋਲੋਂ ਵੀ ਸਿੱਖੀ ਨਿਭਾਉਣ ਅਤੇ ਕੀਰਤਨ ਕਰਨ ਦਾ ਪ੍ਰਣ ਲਿਆ।

ਭਾਈ ਗੁਰਮੱਖ ਸਿੰਘ ਫੱਕਰ ਜੀ ਆਪਣੇ ਸਮੇਂ ਦੇ ਚੋਟੀ ਦੇ ਰਾਗੀ ਸਨ। ਦਸਦੇ ਹਨ ਕਿ ਉਹਨਾਂ ਨੂੰ 9 ਉਸਤਾਦਾਂ ਦੀ ਤਾਲੀਮ ਹਾਸਲ ਸੀ। ਉਹਨਾਂ ਦੇ ਉਸਤਾਦਾਂ ਵਿਚ ਫਤਹਿ ਅਲੀ ਖਾਂ, ਆਸ਼ਿਕ ਅਲੀ ਖਾਂ, ਮੀਆਂ ਕਾਦਰ ਬਖਸ਼, ਭਾਈ ਮੋਤੀ ਜੀ, ਭਾਈ ਲਾਲ, ਭਾਈ ਰੂੜਾ ਬੂੜਾ, ਭਾਈ ਸੰਤ ਹੀਰਾ ਸਿੰਘ ਆਦਿ ਆਪਣੇ ਸਮੇਂ ਦੇ ਪ੍ਰਸਿੱਧ ਗਾਇਕ ਤੇ ਕੀਰਤਨੀਏ ਹੋਏ ਹਨ। ਮੀਆਂ ਕਾਦਰ ਬਖਸ਼ ਦਾ ਫੱਕਰ ਹੋਰਾਂ ਨਾਲ ਖਾਸ ਪ੍ਰੇਮ ਸੀ। ਬੜੇ ਗੁਲਾਮ ਅਲੀ ਖਾ ਸਾਹਬ ਵੀ ਆਪ ਦਾ ਬਹੁਤ ਸਤਿਕਾਰ ਕਰਦੇ ਸਨ। ਜਦੋਂ ਕਦੇ ਵੀ ਮੌਕਾ ਬਣਦਾ ਆਪ ਇਕ ਦੂਜੇ ਦੀ ਗਾਇਕੀ ਦਾ ਆਨੰਦ ਜਰੂਰ ਮਾਣਦੇ। ਇਕ ਵਾਰ ਫੱਕਰ ਸਾਹਬ ਅਤੇ ਬੜੇ ਗੁਲਾਮ ਅਲੀ ਖਾਂ ਸਾਹਬ ਦੋਵੇਂ ਕਾਨਪੁਰ ਸਟੇਸ਼ਨ ਤੇ ਮਿਲ ਪਏ। ਦੋਵਾਂ ਦੇ ਮਨ ਵਿਚ ਇਕ ਦੂਜੇ ਨੂੰ ਸੁਣਨ ਦੀ ਇਤਨੀ ਇਛਾ ਸੀ ਕਿ ਦੋਵਾਂ ਨੇ ਗੱਡੀ ਚੜ੍ਹਨ ਦਾ ਵਿਚਾਰ ਛੱਡ ਕੇ ਉਥੋਂ ਹੀ ਸ਼ਹਿਰ ਵੱਲ ਨੂੰ ਹੋ ਤੁਰੇ।

ਭਾਈ ਗੁਰਮੱਖ ਸਿੰਘ ਫੱਕਰ ਦੀ ਕੀਰਤਨ ਸ਼ੈਲੀ ਵਿਚ ਸੰਗੀਤ ਦੀ ਕਲਾਸੀਕਲ ਤਾਲੀਮ ਦਾ ਝਲਕਾਰਾ ਪੈਂਦਾ ਸੀ। ਆਪ ਕਿਸੇ ਖਾਸ ਵਿਧੀ ਅਨੁਸਾਰ ਕੀਰਤਨ ਕਰਦੇ ਸਨ, ਐਵੇਂ ਹੀ ਸਰੋਤਿਆਂ ਦੀ ਫਰਮਾਇਸ਼ ਅਨੁਸਾਰ ਨਹੀਂ ਸਨ ਗਾਉਣ ਲਗ ਪੈਂਦੇ। ਕੀਰਤਨ ਸ਼ੁਰੂ ਕਰਨ ਤੋ ਪਹਿਲਾਂ ਲਹਿਰਾ ਜਾਂ ਨਗਮਾ ਵਜਾਇਆ ਜਾਂਦਾ ਜਿਸ ਵਿਚ ਤਬਲੇ ਵਾਲਾ ਆਪਣੇ ਜੌਹਰ ਵਿਖਾਉਂਦਾ ਸੀ, ਫਿਰ ਡੰਡਉਤ ਕਰਦੇ, ਇਹ ਡੰਡਉਤ ਸ਼ਸਤਰੀ ਸੰਗੀਤ ਦੀ ਅਲਾਪ ਅਤੇ ਵੱਡੇ ਖਿਆਲ ਦੀ ਸ਼ੈਲੀ ਅਨੁਸਾਰ ਹੁੰਦੀ ਹੈ। ਇਸ ਵਿਚ ਰਾਗ ਦਾ ਸਰੂਪ ਬਣਾਇਆ ਜਾਂਦਾ ਜਿਸ ਨੂੰ ਆਪ ਰਾਗ ਨੂੰ ਖੜਾ ਕਰਨਾ ਕਹਿੰਦੇ ਹੁੰਦੇ ਸਨ। ਫਿਰ ਧਰੁਪਦ ਸ਼ੈਲੀ ਵਿਚ ਸ਼ਬਦ ਗਾਇਆ ਜਾਂਦਾ, ਫਿਰ ਤਿੰਨ ਤਾਲ ਵਿਚ ਸ਼ਬਦਾਂ ਦਾ ਗਾਇਨ ਹੁੰਦਾ। ਸਭ ਤੋਂ ਬਾਅਦ ਵਿਚ ਸੁਗਮ ਸੰਗੀਤ ਦੀ ਸ਼ੈਲੀ ਵਿਚ ਸ਼ਬਦ ਗਾਇਆ ਜਾਂਦਾ ਇਸੇ ਸ਼ਬਦ ਵਿਚ ਪ੍ਰਮਾਣ ਦਿੱਤੇ ਜਾਦੇ ਹਨ। ਉਹਨਾਂ ਦੇ ਵੇਲੇ ਕੀਰਤਨ ਕਰਨ ਲਈ ਰਾਗੀ ਡੇਢ ਦੋ ਘੰਟੇ ਦਾ ਸਮਾਂ ਮੰਗਦੇ ਹੁੰਦੇ ਸਨ। ਜੇ ਕਿਸੇ ਨੂੰ ਘੱਟ ਸਮਾਂ ਦਿੱਤਾ ਜਾਂਦਾਂ ਤਾਂ ਉਹ ਕਹਿੰਦਾ ਕਿ ਇੰਨੀ ਦੇਰ ਵਿਚ ਤਾਂ ਮੇਰਾ ਗਲਾ ਹੀ ਗਰਮ ਹੋਵੇਗਾ। ਭਾਈ ਗੁਰਮੱਖ ਸਿੰਘ ਫੱਕਰ ਬਹੁਤ ਬਿਖੜਾ ਗਾਉਂਦੇ ਸਨ। ਉਹ ਸੁਰ ਅਤੇ ਲੈਅ ਦੇ ਧਨੀ ਸਨ। ਉਹਨਾਂ ਨਾਲ ਕੋਈ ਸਧਾਰਨ ਤਬਲੇ ਵਾਲਾ ਸੰਗਤ ਨਹੀਂ ਸੀ ਕਰ ਸਕਦਾ।

ਉਹਨਾਂ ਦੀ ਗਾਇਨ ਸ਼ੈ ਦੀ ਕੁਝ ਝਲਕ ਉਹਨਾਂ ਦੇ ਭਰਾ ਸੁਰਮੱਖ ਸਿੰਘ ਫੱਕਰ ਦੇ ਕੀਰਤਨ ਵਿਚੋਂ ਜਾਂ ਉਹਨਾਂ ਦੇ ਭਤੀਜਿਆਂ ਦੇ ਗਾਇਨ ਵਿਚੋਂ ਵੇਖੀ ਜਾ ਸਕਦੀ ਸੀ।

ਫੱਕਰ ਹੋਰਾਂ ਨੂੰ ਸੰਗੀਤ ਨਾਲ ਇਕ ਤਰ੍ਹਾ ਦਾ ਇਸ਼ਕ ਸੀ। ਭਾਵੇਂ ਉਹਨਾਂ ਦੀ ਰੋਜ਼ੀ ਰੋਟੀ ਦਾ ਸਹਾਰਾ ਵੀ ਸੰਗੀਤ ਸੀ ਪਰ ਉਹਨਾਂ ਨੇ ਕਦੀ ਵੀ ਸੰਗੀਤ ਦੀ ਬਲੀ ਰੋਟੀ ਕਰਕੇ ਨਹੀਂ ਦਿੱਤੀ। ਜਦੋਂ ਉਹ ਰਿਆਜ਼ ਕਰਨ ਬੈਠਦੇ ਤਾਂ ਰੋਟੀ ਖਾਣੀ ਭੁੱਲ ਹੀ ਜਾਂਦੇ ਸਨ।

ਉਹ ਹੋਰ ਪ੍ਰਚੱਲਤ ਰਾਗਾਂ ਤੋਂ ਬਿਨਾਂ ਭੈਰਵ, ਭੈਰਵੀ, ਸ਼ਿਵਮਤ ਭੈਰਵ, ਭੁਪਾਲੀ, ਬਸੰਤ, ਦਰਬਾਰੀ

ਆਦਿ ਰਾਗ ਖਾਸ ਮੁਹਾਰਤ ਨਾਲ ਗਾਉਂਦੇ ਸਨ।

ਆਪ ਦਾ ਰਾਗੀ ਜਥਾ 1939 ਨੂੰ ਹੋਈ ਸਿੱਖ ਐਜੂਕੇਸ਼ਨ ਕਾਨਫਰੰਸ ਵਿਚ ਰਾਗ ਸੋਰਠ ਵਿਚ ਕੀਰਤਨ ਕਰਕੇ ਪਹਿਲੇ ਸਥਾਨ ਤੇ ਆਇਆ ਫਿਰ ਦੂਜੀ ਵਾਰ 1949 ਵਿਚ ਜਿਹੜੀ ਸਿੱਖ ਵਿਦਿਅਕ ਕਾਨਫਰੰਸ ਪਟਿਆਲੇ ਹੋਈ ਉਤੇ ਰਾਗ ਕਾਨੜਾ ਵਿਚ ਕੀਰਤਨ ਕਰਕੇ ਪਹਿਲੇ ਦਰਜੇ ਤੇ ਆਇਆ।

1947 ਤੋਂ ਬਾਅਦ ਫੱਕਰ ਜੀ ਸਰਹਿੰਦ ਆ ਗਏ ਤੇ ਇਥੇ ਭਾਈ ਮਰਦਾਨਾ ਦੇ ਨਾਂ ਤੇ ਇਕ ਸਥਾਨ ਬਣਾ ਕੇ ਰਹਿਣ ਲੱਗ ਪਏ। ਆਪਣੇ ਆਖਰੀ ਦਿਨਾਂ ਵਿਚ ਉਹ ਬਿਮਾਰ ਰਹਿਣ ਲੱਗ ਪਏ। ਉਹਨਾਂ ਦਾ ਦੇਹਾਂਤ ਬੰਬਈ ਵਿਖੇ ਹਇਆ ਸੀ।

ਫੱਕਰ ਜੀ ਦਾ ਸੁਭਾਅ ਗੁਸੈਲਾ ਸੀ। ਉਹ ਗੁਣਵਾਨ ਸੰਗੀਕਾਰ ਦੀ ਕਦਰ ਕਰਦੇ ਸਨ ਤੇ ਫੋਕੀ ਆਕੜ ਵਾਲੇ ਨੂੰ ਉਹ ਸਟੇਜ ਤੇ ਝਿੜਕ ਵੀ ਦਿੰਦੇ ਸਨ। ਉਹਨਾਂ ਦੇ ਸੁਭਾਅ ਵਿਚ ਚਾਪਲੂਸੀ ਬਿਲਕੁਲ ਨਹੀਂ ਸੀ। ਇਹੀ ਕਾਰਨ ਸੀ ਕਿ ਆਪ ਟਿਕ ਕੇ ਕਿਤੇ ਵੀ ਕੀਰਤਨ ਦੀ ਸੇਵਾ ਨਹੀਂ ਕਰ ਸਕੇ। ਆਪ ਪਹਿਲਾਂ ਸ੍ਰੀ ਨਨਕਾਣਾ ਸਾਹਿਬ ਕੀਰਤਨ ਦੀ ਸੇਵਾ ਕਰਦੇ ਰਹੇ ਪਰ ਜਦੋਂ ਮਾਸਟਰ ਤਾਰਾ ਸਿੰਘ ਜੀ ਨੂੰ ਕੈਦ ਕੀਤਾ ਗਿਆ ਤਾਂ ਆਪ ਨੇ ਰੋਸ ਵਜੋਂ ਸਰਵਿਸ ਛੱਡ ਦਿੱਤੀ।

ਫੱਕਰ ਸਾਹਿਬ ਹੋਰ ਸੰਗੀਤਕਾਰਾਂ ਵਾਂਗ ਕੇਵਲ ਸੰਗੀਤ ਵਿਚ ਹੀ ਨਹੀਂ ਸੀ ਗੁਆਚੇ ਰਹਿੰਦੇ ਸਗੋਂ ਉਹ ਸਮਕਾਲੀਨ ਆਜ਼ਾਦੀ ਅਤੇ ਗੁਰਦੁਆਰਾ ਸੁਧਾਰ ਲਹਿਰ ਅਤੇ ਅਕਾਲੀ ਲਹਿਰ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਰਹੇ। ਆਪ ਲਗਭਗ 9 ਵਾਰ ਜੇਲ੍ਹ ਗਏ ਸਨ। ਉਹਨਾਂ ਦੇ ਭਰਾ ਸੁਰਮੱਖ ਸਿੰਘ ਨੇ ਅਤੇ ਉਹਨਾਂ ਦੀ ਪਤਨੀ ਨੇ ਵੀ ਜੇਲ੍ਹ ਯਾਤਰਾ ਕੀਤੀ। ਆਪ ਨੂੰ ਔਲਾਦ ਦਾ ਸੁਖ ਨਹੀਂ ਮਿਲਿਆ। ਆਪ ਦੇ ਘਰ ਇਕ ਪੁੱਤਰ ਹੋਇਆ ਜੋ ਆਪ ਦੇ ਜੇਲ੍ਹ ਵਿਚ ਹੋਣ ਸਮੇਂ ਚੜ੍ਹਾਈ ਕਰ ਗਿਆ। ਆਪ ਦੇ ਪਿਛੋਂ ਆਪ ਦੀ ਪਤਨੀ ਦੀ ਸੰਭਾਲ ਕਰਨ ਵਾਲਾ ਵੀ ਕੋਈ ਨਹੀਂ ਸੀ। ਉਸ ਨੂੰ ਕਈ ਵਾਰ ਰਸਤੇ ਵਿਚ ਬੈਠ ਕੇ ਮੰਗਦਿਆਂ ਵੀ ਵੇਖਿਆ ਗਿਆ ਸੀ। ਕਾਫੀ ਦੇਰ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਹਨਾਂ ਦੀ ਪਤਨੀ ਨੂੰ ਗੁਰਦੁਆਰਾ ਫਤਹਿਗੜ੍ਹ ਸਾਹਿਬ ਲੰਗਰ ਵਿਚੋਂ ਰੋਟੀ ਦੇਣ ਦਾ ਪ੍ਰਬੰਧ ਕੀਤਾ।

ਇਤਨੇ ਮਹਾਨ ਕੀਰਤਨੀਏ ਦੇ ਪਰਿਵਾਰ ਦਾ ਇਹ ਹਸ਼ਰ ਵੇਖ ਕੇ ਕੋਈ ਵੀ ਕੀਰਤਨੀਆ ਜੇ ਉਸ ਦਾ ਵੱਸ ਚਲੇ ਤਾਂ ਆਪਣੀ ਔਲਾਦ ਨੂੰ ਇਸ ਪਾਸੇ ਲਾਉਣ ਲਈ ਤਿਆਰ ਨਹੀਂ।

422, ਸੈਕਟਰ 15, ਚੰਡੀਗੜ੍ਹ

## ਸੂਚਨਾ

ਹੁਣ ਤੁਸੀਂ ਅੰਮ੍ਰਿਤ ਕੀਰਤਨ E-mail ਰਾਹੀਂ ਪ੍ਰਾਪਤ ਕਰ ਸਕਦੇ ਹੋ।
ਆਪਣਾ E-mail ਐਡਰੈਸ drjagirsingh@gmail.com 'ਤੇ ਭੇਜੋ ਜੀ।

Phone : (O) 011-23312440

Sawhney Cloth House

46, Shanker Market, Connaught Circus, New Delhi - 110 001

# ਪੁਸਤਕ ਪੜਚੋਲ

ਪੁਸਤਕ ਦਾ ਨਾਂ - ਗੁਰੂ ਅਮਰਦਾਸ, ਰਾਗ ਰਤਨਾਗਰ
ਲੇਖਕ - ਤਾਰਾ ਸਿੰਘ (ਪ੍ਰੋਫੈਸਰ)
ਪੰਨੇ - 173
ਕੀਮਤ ਲਾਇਬ੍ਰੇਰੀ ਐਡੀਸ਼ਨ - 150/-, ਸਧਾਰਨ 120/-
ਪ੍ਰਕਾਸ਼ਕ - ਗੁਰਮਤਿ ਸੰਗੀਤ ਪ੍ਰਕਾਸ਼ਨ, 11, ਹਰਗੋਬਿੰਦ ਨਗਰ,
ਸਰਹਿੰਦ ਰੋਡ, ਪਟਿਆਲਾ ਫੋਨ : 0175-5006006

ਹਥਲੀ ਪੁਸਤਕ ਪ੍ਰੋਫੈਸਰ ਤਾਰਾ ਸਿੰਘ ਦੁਆਰਾ ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਵਿਚੋਂ 23 ਰਾਗਾਂ ਦੇ ਅਧਾਰ 'ਤੇ ਲਿਖੀ ਇਕ ਦੁਰਲੱਭ ਪੁਸਤਕ ਹੈ, ਜਿਸ ਨੂੰ ਪੜ੍ਹਨ ਉਪਰੰਤ ਵਿਦਾਵਨ ਪ੍ਰੋਫੈਸਰ ਸਾਹਿਬ ਵੱਲੋਂ ਕੀਤੀ ਘਾਲਣਾ ਅਤੇ ਗੁਰਮਤਿ ਸੰਗੀਤ ਪ੍ਰਤੀ ਉਨ੍ਹਾਂ ਵੱਲੋਂ ਪਾਏ ਮਹਾਨ ਯੋਗਦਾਨ ਦੀ ਜਾਣਕਾਰੀ ਮਿਲਦੀ ਹੈ।

ਪੁਸਤਕ ਦੇ 'ਆਰੰਭਕ ਸ਼ਬਦ' ਪੰਜਾਬੀ ਯੂਨੀਵਰਸਿਟੀ ਦੇ ਗੁਰਮਤਿ ਸੰਗੀਤ ਵਿਭਾਗ ਦੇ ਪ੍ਰੋਫੈਸਰ ਅਤੇ ਮੁਖੀ ਡਾ. ਗੁਰਨਾਮ ਸਿੰਘ ਵੱਲੋਂ ਲਿਖੇ ਗਏ ਹਨ, ਜੋ ਲੇਖਕ ਦੇ ਹੋਣਹਾਰ ਸ਼ਾਗਿਰਦਾਂ ਵਿਚੋਂ ਹਨ। ਪੁਸਤਕ ਦੇ ਲੇਖਕ ਬਾਰੇ, ਡਾ. ਗੁਰਨਾਮ ਸਿੰਘ ਜੀ ਲਿਖਦੇ ਹਨ "ਸਰਕਾਰੀ ਸੇਵਾ ਤੋਂ ਮੁਕਤ ਹੋ ਕੇ ਪ੍ਰੋਫੈਸਰ ਸਾਹਿਬ ਨੇ ਆਪਣੇ ਮੂਲ ਗੁਰ ਸ਼ਬਦ ਕੀਰਤਨ ਵੱਲ ਪਰਤ ਆਪਣਾ ਜੀਵਨ ਗੁਰੂ ਦੀ ਪਰੰਪਰਾ ਨੂੰ ਸਮਰਪਿਤ ਕਰਨ ਦਾ ਨਿਸ਼ਚਾ ਕੀਤਾ। ਇਸ ਸਮੇਂ ਪ੍ਰੋਫੈਸਰ ਸਾਹਿਬ ਨਾਲ ਮੇਰੀ ਗੁਰੂ-ਸ਼ਿਸ਼ ਦੀ ਸਾਂਝ ਬਣੀ।" ਡਾ. ਸਾਹਿਬ ਲੇਖਕ ਬਾਰੇ ਇਹ ਵੀ ਦੱਸਦੇ ਹਨ "ਪੰਜਾਬ ਦੀ ਸੰਗੀਤ ਪਰੰਪਰਾ ਵਿਚ ਇਸ ਸਮੇਂ ਆਪ ਸੰਗੀਤ ਵਿਸ਼ੇ ਦੇ ਪਹਿਲੀ ਕਤਾਰ ਦੇ ਪ੍ਰਮੁੱਖ ਉਸਤਾਦ ਸੰਗੀਤ ਅਧਿਆਪਕ ਵਜੋਂ ਵਿਖਿਆਤ ਹੋਏ। ਆਪ ਸਰਕਾਰੀ ਕਾਲਜ ਲੜਕੀਆਂ ਦੇ ਪੋਸਟ ਗਰੈਜੂਏਟ ਵਿਭਾਗ ਵਿਚ ਕਈ ਵਰ੍ਹੇ ਸੰਗੀਤ ਵਿਭਾਗ ਦੇ ਮੁਖੀ ਰਹੇ। ਵਿਦਿਆਰਥੀਆਂ ਦੇ ਪੂਰਾਂ ਦੇ ਪੂਰ ਆਪ ਤੋਂ ਸਿੱਖਿਆ ਲੈ ਕੇ ਪੰਜਾਬ ਦੇ ਸਮੁੱਚੇ ਉਤਰੀ ਭਾਰਤ ਵਿਚ ਸੰਗੀਤ ਅਧਿਆਪਕ ਬਣੇ।

ਸੋ ਪੁਸਤਕ ਦੇ ਲੇਖਕ, ਕਿਸੇ ਜਾਣ ਪਛਾਣ ਦੇ ਮੁਥਾਜ ਨਹੀਂ। ਉਹ ਹਰ ਪੱਖੋਂ ਸੰਗੀਤ ਤੇ ਵਿਸ਼ੇਸ਼ ਕਰਕੇ, ਗੁਰਮਤਿ ਦੇ ਇਕ ਅਜਿਹੇ ਚਾਨਣਾ ਮੁਨਾਰੇ ਹਨ: ਜਿਨ੍ਹਾਂ ਦੇ ਤੁਰ ਜਾਣ ਪਿੱਛੋਂ ਵੀ ਉਨ੍ਹਾਂ ਦੀ ਘਾਲਣਾ ਨੂੰ ਨਤਮਸਤਕ ਹੁੰਦਿਆਂ ਵਾਰ ਵਾਰ ਉਨ੍ਹਾਂ ਕੋਲੋਂ ਰੌਸ਼ਨੀ ਪ੍ਰਾਪਤੀ ਲਈ ਇਕ ਅਮਿੱਟ ਤਾਂਘ ਬਣੀ ਰਹਿੰਦੀ ਹੈ। ਆਪ ਜੀ ਨੇ ਗੁਰੂ ਨਾਨਕ ਦੇਵ ਰਾਗ ਰਤਨਾਵਲੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਗੁਰਬਾਣੀ ਦੇ ਰਚਨਹਾਰ ਗੁਰੂ ਸਾਹਿਬਾਨ ਦੀ ਰਾਗ ਰਤਨਾਵਲੀਆਂ ਲਿਖ ਕੇ, ਸੰਗੀਤ ਪ੍ਰੇਮੀਆਂ ਲਈ, ਇਸ ਅਮੁੱਲ ਖ਼ਜ਼ਾਨੇ ਬਾਰੇ ਭਰਪੂਰ ਜਾਣਕਾਰੀ ਦਿੱਤੀ ਹੈ। ਭਗਤਾਂ ਵਿਚੋਂ ਭਗਤ ਰਾਗ ਰਤਨਾਵਲੀ, ਨਾਮਦੇਵ ਰਾਗ ਰਤਨਾਵਲੀ, ਰਵਿਦਾਸ ਰਾਗ ਰਤਨਾਵਲੀ, ਕਬੀਰ ਰਾਗ ਰਤਨਾਵਲੀ ਤੇ ਪੜਤਾਲ ਗਾਇਕੀ ਬਾਰੇ ਵੀ ਪੁਸਤਕ ਰੂਪ ਵਿਚ ਵੱਡਮੁੱਲਾ ਯੋਗਦਾਨ ਪਾਇਆ ਹੈ।

ਉਪਰੋਕਤ ਕਾਰਜ ਬਾਰੇ ਪ੍ਰੋਫੈਸਰ ਸਾਹਿਬ ਖੁਦ ਵੀ ਆਪਣੇ "ਆਦਿ ਕਥਨ" ਵਿਚ ਪੰਨਾ 12 'ਤੇ ਲਿਖਦੇ ਹਨ, "ਗੁਰੂ ਸ਼ਤਾਬਦੀਆਂ ਦੇ ਪਵਿੱਤਰ ਅਵਸਰ 'ਤੇ ਮੈਂ ਇਹੋ ਯੋਗ ਸਮਝਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਪਵਿੱਤਰ ਬਾਣੀ ਨੂੰ ਗੁਰਮਤਿ ਮਰਿਯਾਦਾ ਅਨੁਸਾਰ ਸੁਰ ਲਿਪੀਬੱਧ ਕਰ ਸਕਾਂ ਤਾਂ ਜੋ ਗੁਰੂ ਘਰ ਦੇ ਕੀਰਤਨੀਏ, ਹੋਰ ਸੰਗੀਤਕਾਰ ਗੁਰਬਾਣੀ ਤੇ ਗੁਰਮਤਿ ਸੰਗੀਤ ਪੱਧਤੀ ਨੂੰ ਇਕ ਦੂਜੇ ਨਾਲ ਜੋੜ ਕੇ ਕੀਰਤਨ ਕਰਨ ਸਮੇਂ, ਉਹ ਵਿਸਮਾਦੀ ਆਨੰਦ ਪ੍ਰਦਾਨ ਕਰ ਸਕਣ, ਜਿਸ ਦਾ ਅਨੁਭਵ ਤੇ ਪ੍ਰਸਾਰ ਮਹਾਨ ਗੁਰੂਆਂ ਨੇ ਆਪਣੀ ਬਾਣੀ ਰਾਹੀਂ ਕਰਨ ਦਾ ਯਤਨ ਕੀਤਾ ਹੈ। ਸ਼ਬਦ ਤੇ ਧੁਨ ਦਾ ਸੰਜੋਗ ਸਤਿ ਤੇ ਸ਼ਿਵ ਦਾ ਸੁੰਦਰ ਸੁਮੇਲ ਬਣ ਜਾਂਦਾ

ਹੈ। ਜਿਸ ਨਾਲ ਸਰੋਤੇ ਦੇ ਹਿਰਦੇ ਵਿਚ ਬਾਣੀ ਦਾ ਪ੍ਰਭਾਵ ਸਿੱਧਾ ਜਾ ਪ੍ਰਵੇਸ਼ ਕਰਦਾ ਹੈ ਅਤੇ "ਸੁਣਤੇ ਪੁਨੀਤ ਕਹਿਤੇ ਪਵਿੱਤੁ" ਵਾਲੀ ਦਸ਼ਾ ਤਾਰੀ ਹੋ ਜਾਂਦੀ ਹੈ।

ਹਥਲੀ ਪੁਸਤਕ ਬਾਰੇ ਪ੍ਰੋਫੈਸਰ ਸਾਹਿਬ, ਖੁਦ ਹੀ ਗੱਲ ਨੂੰ ਅੱਗੇ ਤੋਰਦਿਆਂ ਪੰਨਾ 13 'ਤੇ ਲਿਖਦੇ ਹਨ, "ਇਸ ਰਚਨਾ ਗੁਰੂ ਅਮਰਦਾਸ ਰਾਗ ਰਤਨਾਵਲੀ ਵਿਚ ਮੈਂ ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਵਿਚੋਂ ਕੁਝ ਚੋਣਵੇਂ ਸ਼ਬਦ, ਸਲੋਕ, ਵਾਰ ਅਤੇ ਛੰਤ ਲੈ ਕੇ ਉਨ੍ਹਾਂ ਨੂੰ ਸੁਰ ਲਿਪੀ ਵਿਚ ਅੰਕਿਤ ਕਰਨ ਦਾ ਯਤਨ ਕੀਤਾ ਹੈ। ਗੁਰੂ ਅਮਰਦਾਸ ਜੀ ਵੱਲੋਂ ਦਿੱਤਾ ਗਿਆ ਬਾਣੀ ਦਾ ਖ਼ਜ਼ਾਨਾ ਬੜਾ ਵੱਡਾ ਤੇ ਵਿਸ਼ਾਲ ਹੈ, ਜਿਸ ਦੇ ਸ਼ਬਦ, ਸਲੋਕ ਅਤੇ ਵਿਸ਼ੇਸ਼ ਬਾਣੀਆਂ ਦੀ ਗਿਣਤੀ 873 ਹੈ। ਇਸ ਪੁਸਤਕ ਵਿਚ ਉਨ੍ਹਾਂ ਦੇ ਚੋਣਵੇਂ 89 ਸ਼ਬਦਾਂ ਨੂੰ ਸੁਰਤਾਲ ਬੱਧ ਕੀਤਾ ਗਿਆ ਹੈ ਅਤੇ ਰਹਾਉ ਦੀ ਪੰਕਤੀ ਨੂੰ ਸਥਾਈ ਬਣਾਇਆ ਹੈ।

ਉਪਰੋਕਤ ਕਥਨ ਦੀ ਰੌਸ਼ਨੀ ਵਿਚ ਪ੍ਰੋਫੈਸਰ ਸਾਹਿਬ ਨੇ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਵਰਤੇ ਗਏ ਰਾਗਾਂ ਦੀ ਗਿਣਤੀ 23 ਨਿਸ਼ਚਿਤ ਕੀਤੀ ਹੈ, ਜਿਨ੍ਹਾਂ ਵਿਚ ਸ੍ਰੀ, ਮਾਝ, ਗਉੜੀ ਗੁਆਰੇ ਦੀ, ਗਉੜੀ ਬੈਰਾਗਣਿ, ਗਉੜੀ ਪੂਰਬੀ, ਗਉੜੀ, ਆਸਾ, ਗੁਜਰੀ, ਬਿਹਾਗੜਾ, ਵਡਹੰਸ, ਸੋਰਠ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ ਹਿੰਡੋਲ, ਸਾਰੰਗ, ਮਲਾਰ, ਪ੍ਰਭਾਤੀ ਅਤੇ ਪ੍ਰਭਾਤੀ ਬਿਭਾਸ ਦਾ ਜ਼ਿਕਰ ਕੀਤਾ ਗਿਆ ਹੈ। ਪੁਸਤਕ ਵਿਚ ਹਰ ਰਾਗ ਬਾਰੇ ਪੂਰੀ ਜਾਣਕਾਰੀ ਦੇ ਕੇ, ਬਾਣੀਕਾਰ ਦੇ ਸ਼ਬਦ ਨੂੰ ਸੁਰਤਾਲ ਬੱਧ ਕਰਕੇ ਗਾਉਣ ਦਾ ਢੰਗ ਵੀ ਦਸਿਆ ਗਿਆ ਹੈ। ਤਾਂ ਜੋ ਸੰਗੀਤਕਾਰ ਵਿਧੀ ਅਨੁਸਾਰ ਆਪਣੇ ਟੀਚੇ 'ਤੇ ਖੁਸ਼ਅਸਲੂਬੀ ਸਾਹਿਤ ਪੁੱਜ ਸਕੇ।

ਪੁਸਤਕ ਵਿਚ ਸੁਰਲਿਪੀ ਚਿੰਨ੍ਹਾਂ ਬਾਰੇ ਵੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ ਹੈ। ਤਾਲਾਂ ਬਾਰੇ ਦੱਸਣ ਤੋਂ ਬਿਨਾਂ ਗੱਲ ਅਧੂਰੀ ਜਾਪਦੀ ਹੈ। ਪ੍ਰੋਫੈਸਰ ਸਾਹਿਬ ਨੇ ਪੁਸਤਕ ਵਿਚ ਵਰਤੇ ਛੇ ਤਾਲਾਂ ਬਾਰੇ ਖੁੱਲ੍ਹ ਕੇ ਵਿਚਾਰ ਕੀਤੀ ਹੈ, ਜਿਨ੍ਹਾਂ ਵਿਚ ਤਾਲ ਦਾਦਰਾ, ਤਾਲ ਰੂਪਕ, ਤਾਲ ਕਹਿਰਵਾ, ਇਕ ਤਾਲ, ਚਾਰ ਤਾਲ, ਤਿੰਨ ਤਾਲ ਬਾਰੇ ਜ਼ਿਕਰ ਆਉਂਦਾ ਹੈ।

ਪ੍ਰੋਫੈਸਰ ਸਾਹਿਬ ਦੀ ਇਸ ਅਕੱਥ ਮਿਹਨਤ ਅੱਗੇ ਹਰ ਉਸ ਸੰਗੀਤ ਪ੍ਰੇਮੀ ਦਾ ਸਿਰ ਆਪ ਮੁਹਾਰੇ ਹੀ ਝੁਕ ਜਾਂਦਾ ਹੈ, ਜੋ ਗੁਰਮਤਿ ਸੰਗੀਤ ਤੋਂ ਥੋੜਾ ਜਿੰਨਾ ਵੀ ਜਾਣੂ ਹੋਵੇ।

ਅਨੰਦ ਸਾਹਿਬ ਦੇ ਬਾਣੀਕਾਰ -ਸ੍ਰੀ ਗੁਰੂ ਅਮਰਦਾਸ ਜੀ ਦੇ ਮਹਾਨ ਸ਼ਾਹਕਾਰ ਬਾਰੇ ਵਡਮੁੱਲੀ ਜਾਣਕਾਰੀ ਲੈਣ ਲਈ ਸ਼ਾਇਦ ਅਜਿਹੀ ਪੁਸਤਕ ਅਜੇ ਤੱਕ ਪਾਠਕਾਂ ਤੱਕ ਨਹੀਂ ਪੁੱਜੀ, ਸੋ ਪਾਠਕਾਂ ਨੂੰ ਅਜਿਹੀ ਖੂਬਸੂਰਤ ਪੁਸਤਕ ਦਾ ਪੁਰਜ਼ੋਰ ਸਵਾਗਤ ਕਰਨਾ ਬਣਦਾ ਹੈ ਤੇ ਅਧਿਐਨ ਕਰਕੇ ਆਪਣੇ ਗਿਆਨ ਵਿਚ ਵਿਸ਼ਾਲ ਵਾਧਾ ਕਰਨਾ ਚਾਹੀਦਾ ਹੈ। ਚੰਗਾ ਹੁੰਦਾ ਜੇਕਰ ਗੁਰਮਤਿ ਪ੍ਰਕਾਸ਼ਨ ਵਾਲੇ ਸ਼ਬਦਾਂ ਦੇ ਅਰਥ ਵੀ ਅੰਕਿਤ ਕਰ ਦਿੰਦੇ। ਫਿਰ ਵੀ ਕੁੱਲ ਮਿਲਾ ਕੇ ਸੁੰਦਰ ਟਾਈਟਲ, ਵਧੀਆ ਕਾਗਜ਼ 'ਤੇ ਬਿਨਾਂ ਕਿਸੇ ਗਲਤੀ ਤੋਂ ਛਪੀ ਇਹ ਪੁਸਤਕ ਹਰ ਪੱਖੋਂ ਇਕ ਲਾਹੇਵੰਦ ਵਸਤੂ ਹੈ, ਜੋ ਤੁਹਾਡੇ ਅਦਾਰੇ ਤੇ ਘਰ ਦਾ ਸ਼ਿੰਗਾਰ ਬਣਨੀ ਚਾਹੀਦੀ ਹੈ।

ਅੰਤ ਵਿਚ ਮੈਂ ਵਧੀਆ ਤੇ ਸਰਲ ਭਾਸ਼ਾ ਵਿਚ ਛਪੀ ਪੁਸਤਕ ਬਾਰੇ ਪ੍ਰੋਫੈਸਰ ਤਾਰਾ ਸਿੰਘ ਜੀ ਦੀਆਂ ਇਨ੍ਹਾਂ ਸਤਰਾਂ ਨਾਲ ਸਾਂਝ ਪੁਆ ਕੇ ਤੁਹਾਨੂੰ ਇਹ ਪੁਸਤਕ ਸੰਭਾਲਣ ਲਈ ਬੇਨਤੀ ਕਰਾਂਗੀ।

"ਇਸ ਕਲਯੁਗੀ ਅੰਧਕਾਰ ਤੇ ਜੰਗਾਂ ਯੁੱਧਾਂ ਦੇ ਤੱਤੇ ਮਾਹੌਲ ਵਿਚ ਜਿਸ ਵਿਚ ਮਨੁੱਖਤਾ ਦੀ ਆਤਮਾ ਲੂਸੀ ਜਾ ਰਹੀ ਹੈ, ਅਜਿਹਾ ਰੱਬੀ ਸੰਗੀਤ ਹੀ ਠੰਢ ਵਰਤਾ ਸਕਦਾ ਹੈ :

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥
(ਵਾਰ ਬਿਲਾਵਲ ਮ: 3)

ਜਸਬੀਰ ਕੌਰ
13609, ਗਲੀ ਨੰ: 8, ਪ੍ਰਭਾਤ ਨਗਰ, ਲੁਧਿਆਣਾ

**ਗੁਰਮੁਖ ਢੂਢ ਢੂਢੇਦਿਆਂ (Free Matrimonial Service)**

Wanted Gursikh match for a Khatri Slim sweet girl 5'7" DOB 9-10-1984, M.Sc. (human biology) B.Ed. (Science) Contact : Jassi Medicos, Sarhandi Bazaar, patiala

## Book Review

Dr. Kanwaljit Singh

Name: Sri Guru Granth Saahib Raag Ratnaakar
Language: Punjabi
Writer: Dr. Gurnam Singh, Professor & Head, Gurmat Sangeet Chair Department of Gurmat Sangeet, Punjabi University, Patiala.
Publisher: Dharam Prachaar Committee (ShromNee Gurduaaraa Prabandhak Committee), Sri Amritsar. October, 2005.
Copies: 2000
Printer: Golden Offset Press, Gurduaaraa Raamsar Saahib, Sri Amritsar.
Pages: 220
Price: Rs. 55/-(Rupees Fifty Five only)

Content: Sri Guru Granth Saahib Raag Ratnaakar is very informative and useful book for the students, researchers and Kirtankaars. The musical compositions incorporated in this book are available on cassette, c.d. & d.v.d. formats published by the leading music companies of the world. In this way it is the first book of its kind in the world of music/gurmat sangeet having these unique features. A reader can enjoy practical performance of the compositions simultaneously.

Sri Guru Granth Saahib Raag Ratnaakar gives us basic knowledge of 31 Mukh ragas and 31 raag parkaars used by the BaaNeekaars of Sri Guru Granth Saahib along with a detailed article on Gurmat Sangeet Tradition.

The Aarambhik Shabad (introduction of the book) is written by the President, ShromNee Gurduaaraa Prabandhak Committee. He certifies that the book is written keeping in mind its compatibility to the basic learners under strict discipline of the raga and Dr. Gurnam Singh is the first and foremost scholar in the world serving the community with the recording of all the ragas in Sri Guru Granth Saahib published by H.M.V. in 10 audio cassettes set. The book is published on the eve of 4th century of Prakaash Divas of Sri Guru Granth Saahib.

Aadikaa (the preface) gives us the outline of the book clearly. Referring Sikh Rehat Maryada published by Dharam Prachaar Committee, Sri Amritsar in 24th edition October 1999 Dr. Gurnam Singh writes that Keertan is singing of GurbaaNee under the discipline of prescribed ragas. He gives examples of Mukh Raga & Raag Prakaar included in Sri Guru Granth Saahib i.e. Gaurhee


Gaurhee Guaarayree, Gaurhee Poorbee, Gaurhee Deepkee, Gaurhee DakhNee, Gaurhee Maalaa etc. The index of the book is very systematically designed to enable a reader to find the required contents instantly.

Under the article Gurmat Sangeet Prampraa the writer has indicated some examples of hymns of Sri Guru Granth Saahib regarding the importance of Keertan and qualities of a keertankaar along with the references from the Holy Granth. A list of main ragas and raga parkaars is included blended with classification of ragas. Other topics touched in this articles i.e. Singing Styles of Gurmat Sangeet, Signs and Headings used in S.G.G.S., Musical Instrumental of the tradition and Keertan Centers established by the Sikh Gurus.

Full detail and description of all ragas and raga parkaars along with GurbaaNee instances is a unique feature of Guru Granth Saahib Raag Ratnaakar. GurbaaNee text with meanings of demanding Words and musical composition is a salient feature of the book. The rhythmic meters (talas) used in this book are also specified with their basic composition i.e. Thhayka, Matraa, Vibhaag, Taalee, Khaalee are also included in this book for the references of rhythm accompanists.

The book is very useful for the new learners of music/gurmat sangeet but the size of the book is reader friendly. The learner often uses keyboard to have the image of the musical notes in the mind. It could be better if the book comes in a vertical shape.

department of gurmat sangeet
punjabi university, patiala.



# ਸੁਰ ਲਿਪੀ

ਮਾਸਟਰ ਨਿਹਾਲ ਸਿੰਘ

ਰਾਗ - **ਮਲਾਰ**

ਜਾਤੀ - ***ਸ਼ਾਡਵ ਸੰਪੂਰਣ,*** ਵਾਦੀ - ***'ਰੇ'*** ਸੰਵਾਦੀ - ***'ਪ',***

ਸਵਰ - ***ਗੁ ਕੋਮਲ, ਨੀ ਦੋਨੋਂ।***

ਠਾਠ - ***ਕਾਫੀ***

ਸਮਾਂ - ***ਬਰਖਾ ਦੇ ਮੌਸਮ ਵਿਚ ਹਰ ਵਕਤ***

ਵਰਜਤ ਸੁਰ ਆਰੋਹ - ***ਮੰ ਗ ਪ***

| × | | | | 2 | | | | o | | | | 3 | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| ਅਸਥਾਈ | | | | | | | | | | | | | | | |
| | | | | | | | | ਸ | ਰ | ਪ | ਪ | ਪ | - | ਮ | ਗੁ |
| | | | | | | | | *ਬ* | *ਰ* | *ਸ* | *ਘ* | *ਨਾ* | *ऽ* | *ऽ* | *ऽ* |
| ਗ | ਮ | ਰ | ਸ | ਰ | - | ਸ | - | ਨ਼ | ਨ਼ | ਧ਼ | ਨ਼ | ਸ | - | ਸ | ਸ |
| *ਮੇਂ* | *ਰਾ* | *ਮ* | *ਨੂੰ* | *ਭੀ* | *ऽ* | *ਨਾ* | *ऽ* | *ਅੰ* | *ऽ* | *ਮ੍ਰਿੰ* | *ਤ* | *ਬੂੰ* | *ऽ* | *ਦ* | *ਸੁੰ* |
| ਰ | ਪ | ਗੁ | ਮ | ਰ | ਰ | ਸ | - | ਮ | ਪ | ਨੁ | ਧ | ਨ | - | ਸਂ | ਸਂ |
| *ਹਾ* | *ऽ* | *ਨੀ* | *ऽ* | *ਹੀ* | *ਅ* | *ਰੈਂ* | *ऽ* | *ਗੁੰ* | *ਰਿ* | *ਮੋਂ* | *ऽ* | *ਹੀ* | *ऽ* | *ਮ* | *ਨੂੰ* |
| ਧ | ਨੁ | ਪ | ਪ | ਗੁ | ਮ | ਰ | ਸ | | | | | | | | |
| *ਹ* | *ਰਿ* | *ਰ* | *ਸਿ* | *ਲੀ* | *ऽ* | *ਨਾ* | *ऽ* | | | | | | | | |
| ਅੰਤਰਾ | | | | | | | | | | | | | | | |
| | | | | | | | | ਰ | ਰ | ਪ | ਪ | ਨੁ | ਧ | ਨੁ | ਧ |
| | | | | | | | | *ਕ* | *ਰਉਂ* | *ऽ* | *ਬਿ* | *ਨਉਂ* | *ऽ* | *ਗੁੰ* | *ਰ* |
| ਨ | ਨ | ਸਂ | ਨ | ਸਂ | - | ਸਂ | ਸਂ | ਨੁ | ਨੁ | ਧ | ਧ | ਨ | - | ਸਂ | ਸਂ |
| *ਅ* | *ਪ* | *ਨੇਂ* | *ऽ* | *ਪ੍ਰੀ* | *ऽ* | *ਤ* | *ਮ* | *ਹ* | *ਰਿ* | *ਵ* | *ਰੁੰ* | *ਆ* | *ऽ* | *ਨਿ* | *ਮਿ* |
| ਸਂ | ਰਂ | ਨ | ਸਂ | ਧ | ਨੁ | ਪ | - | ਰ | ਰ | ਪ | ਪ | ਪ | - | ਪ | ਪ |
| *ਲਾ* | *ऽ* | *ऽ* | *ऽ* | *ਵੈਂ* | *ऽ* | *ऽ* | *ऽ* | *ਸੁੰ* | *ਨਿ* | *ਘ* | *ਨ* | *ਘੋਂ* | *ऽ* | *ਰ* | *ਸੀ* |
| ਗੁ | ਗੁ | ਗੁ | ਮ | ਰ | - | ਸ | - | ਰਂ | - | ਰਂ | ਰਂ | ਸਂ | - | ਸਂ | ਸਂ |
| *ਤ* | *ਲੁ* | *ਮ* | *ਨ* | *ਮੋਂ* | *ऽ* | *ਰਾ* | *ऽ* | *ਲਾ* | *ऽ* | *ਲ* | *ਰ* | *ਤੀ* | *ऽ* | *ਗੁੰ* | *ਣ* |
| ਰਂ | ਧ | ਨੁ | ਪ | ਗੁ | ਮ | ਰ | ਸ | | | | | | | | |
| *ਗਾ* | *ऽ* | *ऽ* | *ऽ* | *ਵੈਂ* | *ऽ* | *ऽ* | *ऽ* | | | | | | | | |

ਅੰਗ ੧੨੫੪

ਮਲਾਰ ਮਹਲਾ ੧ ॥

ਕਰਉ ਬਿਨਉ ਗੁਰ ਅਪਨੇ ਪ੍ਰੀਤਮ ਹਰਿ ਵਰੁ ਆਣਿ ਮਿਲਾਵੈ ॥

I OFFER PRAYERS TO MY BELOVED GURU, THAT HE MAY UNITE ME WITH MY HUSBAND LORD.

ਸੁਣਿ ਘਨ ਘੋਰ ਸੀਤਲੁ ਮਨੁ ਮੋਰਾ ਲਾਲ ਰਤੀ ਗੁਣ ਗਾਵੈ ॥੧॥

I HEAR THE THUNDER IN THE CLOUDS, AND MY MIND IS COOLED AND SOOTHED; IMBUED WITH THE LOVE OF MY DEAR BELOVED, I SING HIS GLORIOUS PRAISES. ||1||

ਬਰਸੁ ਘਨਾ ਮੇਰਾ ਮਨੁ ਭੀਨਾ ॥

THE RAIN POURS DOWN, AND MY MIND IS DRENCHED WITH HIS LOVE.

ਅੰਮ੍ਰਿਤ ਬੂੰਦ ਸੁਹਾਨੀ ਹੀਅਰੈ ਗੁਰਿ ਮੋਹੀ ਮਨੁ ਹਰਿ ਰਸਿ ਲੀਨਾ ॥੧॥ ਰਹਾਉ ॥

THE DROP OF AMBROSIAL NECTAR PLEASES MY HEART; THE GURU HAS FASCINATED MY MIND, WHICH IS DRENCHED IN THE SUBLIME ESSENCE OF THE LORD. ||1||PAUSE||

ਸਹਜਿ ਸੁਖੀ ਵਰ ਕਾਮਣਿ ਪਿਆਰੀ ਜਿਸੁ ਗੁਰ ਬਚਨੀ ਮਨੁ ਮਾਨਿਆ ॥

WITH INTUITIVE PEACE AND POISE, THE SOUL-BRIDE IS LOVED BY HER HUSBAND LORD; HER MIND IS PLEASED AND APPEASED BY THE GURU'S TEACHINGS.

ਹਰਿ ਵਰਿ ਨਾਰਿ ਭਈ ਸੋਹਾਗਣਿ ਮਨਿ ਤਨਿ ਪ੍ਰੇਮੁ ਸੁਖਾਨਿਆ ॥੨॥

SHE IS THE HAPPY SOUL-BRIDE OF HER HUSBAND LORD; HER MIND AND BODY ARE FILLED WITH JOY BY HIS LOVE. ||2||

ਅਵਗਣ ਤਿਆਗਿ ਭਈ ਬੈਰਾਗਨਿ ਅਸਥਿਰੁ ਵਰੁ ਸੋਹਾਗੁ ਹਰੀ ॥

DISCARDING HER DEMERITS, SHE BECOMES DETACHED; WITH THE LORD AS HER HUSBAND, HER MARRIAGE IS ETERNAL.

ਸੋਗੁ ਵਿਜੋਗੁ ਤਿਸੁ ਕਦੇ ਨ ਵਿਆਪੈ ਹਰਿ ਪ੍ਰਭਿ ਅਪਣੀ ਕਿਰਪਾ ਕਰੀ ॥੩॥

SHE NEVER SUFFERS SEPARATION OR SORROW; HER LORD GOD SHOWERS HER WITH HIS GRACE. ||3||

ਆਵਣ ਜਾਣੁ ਨਹੀ ਮਨੁ ਨਿਹਚਲੁ ਪੂਰੇ ਗੁਰ ਕੀ ਓਟ ਗਹੀ ॥

HER MIND IS STEADY AND STABLE; SHE DOES NOT COME AND GO IN REINCARNATION.

ਨਾਨਕ ਰਾਮ ਨਾਮੁ ਜਪਿ ਗੁਰਮੁਖਿ ਧਨੁ ਸੋਹਾਗਣਿ ਸਚੁ ਸਹੀ ॥੪॥੨॥

SHE TAKES THE SHELTER OF THE PERFECT GURU. O NANAK, AS GURMUKH, CHANT THE NAAM; YOU SHALL BE ACCEPTED AS THE TRUE SOUL-BRIDE OF THE LORD. ||4||2||

# NAILS IN THE FENCE

There once was a little boy who had a bad temper.
His Father gave him a bag of nails
and told him that every time he lost his temper,
he must hammer a nail into the back of the fence.
The first day the boy had driven 37 nails into the fence.
Over the next few weeks, as he learned to control his anger,
the number of nails hammered daily gradually dwindled down.
He discovered it was easier to hold his temper than
to drive those nails into the fence.
Finally the day came when the boy didn't lose his temper at all.
He told his father about it and the father suggested that
the boy now pull out one nail for each day that
he was able to hold his temper.

The days passed and the young boy was finally able to tell his father that all the nails were gone.

The father took his son by the hand and led him to the fence.
He said, 'Youhave done well, my son,
but look at the holes in the fence.
The fence will never be the same.
When you say things in anger,
they leave a scar just like this one...
You can put a knife in a man and draw it out.
But It won't matter how many times you say
I'm sorry, the wound will still be there.

A verbal wound is as bad as a physical one.
Remember that friends are very rare jewels, indeed.
They make you smile and encourage you to succeed..

**PAGE SPONSORED BY : AHUJA FAMILY**
C-353, Defence Colony New Delhi 110 024

Postal Regd. No. G/CDH/0045/2009-10 RNI Regd. No. 46788/89 ISSN 0972-2335

Sept. 2009

